## ਹੱਡ ਬੀਤੀ
# ਈਸਾਈ ਪ੍ਰਚਾਰਕ ਨਾਲ
### ਸੁਆਲ-ਜੁਆਬ

**– ਕੈਪਟਨ ਯਸ਼ਪਾਲ ਸਿੰਘ**
**ਮਰਚੈਂਟ ਨੇਵੀ**

ਕੁਝ ਸਮਾਂ ਪਹਿਲਾਂ ਦਾਸ ਨੂੰ ਪਿੰਡ ਕੋਟਲੀ, ਨੇੜੇ ਬੁੱਲੋਵਾਲ, (ਜ਼ਿਲਾ-ਹੁਸ਼ਿਆਰਪੁਰ, ਪੰਜਾਬ) ਗੁਰਦੁਆਰਾ ਸਾਹਿਬ ਵਿਖੇ ਜਾਣ ਦਾ ਮੌਕਾ ਮਿਲਿਆ। ਇਥੇ ਮੇਰੇ ਇੱਕ ਮਿੱਤਰ ਨੇ ਨੌਜਵਾਨਾਂ ਨੂੰ ਦਸਤਾਰਾਂ ਭੇਂਟ ਕਰਕੇ ਸਨਮਾਨਿਤ ਕਰਨਾ ਸੀ। ਮੈਨੂੰ ਵੀ ਹੁਕਮ ਹੋਇਆ ਸੰਗਤ ਦੇ ਦਰਸ਼ਨ ਕਰਨ ਦਾ।

ਓੜਕ ਲੰਗਰ ਛਕ ਕੇ ਮੈਂ ਕੁੱਝ ਸਮਾਂ ਆਪਣੇ ਮਿੱਤਰ ਦੇ ਨਾਲ ਉਸਦੇ ਘਰ ਚਲਾ ਗਿਆ। ਮੈਨੂੰ ਨਹੀਂ ਪਤਾ ਸੀ ਕਿ ਆਉਣ ਵਾਲਾ ਸਮਾਂ ਮੇਰੀ ਅਭੁੱਲ ਯਾਦ ਬਣ ਜਾਏਗਾ।

ਅਸੀਂ ਚਾਹ-ਪਾਣੀ ਪੀਤਾ, ਗੱਲਾਂ-ਬਾਤਾਂ ਕੀਤੀਆਂ ਅਤੇ ਘਰ ਦੇ ਦੂਜੇ ਮੈਂਬਰਾ ਨਾਲ ਵੀ ਜਾਣ ਪਛਾਣ ਕੀਤੀ।ਥੋੜੀ ਦੇਰ ਬਾਅਦ ਓਥੇ ਉਹਨਾਂ ਦਾ ਕੋਈ ਪਛਾਣੂ ਆਇਆ। ਉਹ ਇਸਾਈ ਪ੍ਰਚਾਰਕ ਸੀ। ਉਹਦੇ ਨਾਲ ਇੱਕ ਬਜ਼ੁਰਗ ਇਸਤਰੀ ਵੀ ਸੀ, ਜਿਸ ਬਾਰੇ ਮਗਰੋਂ ਪਤਾ ਲੱਗਾ ਕਿ ਉਹ ਉਸ ਨੂੰ ਸਬੂਤ ਵਜੋਂ ਲੈ ਕੇ ਘੁੰਮ ਰਿਹਾ ਸੀ। ਉਹ ਕਹਿੰਦਾ ਸੀ ਕਿ ਇਹ ਪਹਿਲਾਂ ਬਿਮਾਰ ਰਹਿੰਦੀ ਸੀ ਤੇ ਹੁਣ ਯੀਸੂ ਅੱਗੇ ਦੁਆ ਕਰਕੇ ਉਹ ਬਿਲਕੁਲ ਠੀਕ ਹੋ ਗਈ ਹੈ ।

ਖੈਰ ! ਮੇਰੇ ਮਿੱਤਰ ਨੇ ਮੇਰੇ ਨਾਲ ਵੀ ਉਸ ਦੀ ਜਾਣ-ਪਛਾਣ ਕਰਵਾਈ





ਅਤੇ ਸ਼ਰੇਆਮ ਮੇਰੇ ਬਾਰੇ ਇਹ ਕਹਿ ਦਿੱਤਾ ਕਿ ਮੈਨੂੰ ਧਰਮ ਦਾ ਸ਼ੌਂਕ ਹੈ ਤੇ ਮੈਂ ਮਰਚੈਂਟ ਨੇਵੀ ਵਿੱਚ ਕੈਪਟਨ ਹਾਂ। ਬਸ ਫਿਰ ਕੀ ਸੀ, ਉਹ ਭਾਈ ਸਾਹਿਬ ਖੁਸ਼ ਹੁੰਦੇ ਹੋਏ ਮੇਰੇ ਵੱਲ ਨੂੰ ਸੰਬੋਧਿਤ ਹੋ ਗਏ। ਮੈਂ ਸੁਣਦਾ ਰਿਹਾ ਤੇ ਉਹ ਬੋਲਦੇ ਗਏ।

"ਮੈਂ ਪਹਿਲਾਂ ਸ਼ਰਾਬ ਪੀਂਦਾ ਸੀ ਤੇ ਇੱਕ ਈਸਾਈ ਪ੍ਰਚਾਰਕ ਨੇ ਮੇਰੀ ਸ਼ਰਾਬ ਛਡਾਈ ਤੇ ਪ੍ਰਭੂ ਯੀਸੂ ਨੇ ਮੇਰੇ ਤੇ ਕਿਰਪਾ ਕੀਤੀ..." ਇਸ ਤਰ੍ਹਾਂ ਉਹ ਕਾਫੀ ਦੇਰ ਬੋਲਦਾ ਰਿਹਾ। ਮੈਂ ਉਸ ਦੀ ਸਾਰੀ ਕਹਾਣੀ ਚੁੱਪ ਚਾਪ ਸੁਣੀ ਗਿਆ। ਆਪਣੀ ਗੱਲ ਪੂਰੀ ਕਰ ਕੇ ਉਹ ਬੋਲਿਆ "ਹੁਣ ਤੁਸੀਂ ਕੋਈ ਗੱਲ ਕਰੋ"

ਮੈਂ ਕਿਹਾ "ਇਹ ਬੜੀ ਚੰਗੀ ਗੱਲ ਹੈ ਕਿ ਤੁਹਾਡੀ ਸ਼ਰਾਬ ਛੁੱਟ ਗਈ ਹੈ। ਪਰ ਈਸਾਈ ਧਰਮ ਦੀ ਧਾਰਮਿਕ ਰਸਮਾਂ ਵਿੱਚ ਸ਼ਰਾਬ ਦੀ ਬੜੀ ਅਹਿਮ ਭੂਮਿਕਾ ਹੈ । ਪਰ ਫਿਰ ਵੀ ਚੰਗਾ ਹੈ ਕਿ ਤੁਸੀਂ ਇਹ ਨਖਿੱਧ ਚੀਜ਼ ਤਿਆਗ ਦਿੱਤੀ ਹੈ। ਗੁਰਬਾਣੀ ਦਾ ਫੁਰਮਾਨ ਹੈ:

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 553, ਰਾਗ ਬਿਹਾਗੜਾ)

ਜਿੱਥੇ ਤੱਕ ਦੁਆ ਦੀ ਗੱਲ ਹੈ - ਹਰ ਮਨੁੱਖ ਕਦੀ ਵੀ, ਕਿਤੇ ਵੀ ਆਪਣੇ ਲਈ ਸਿੱਧਾ ਰੱਬ ਅੱਗੇ ਦੁਆ (ਅਰਦਾਸ) ਕਰ ਸਕਦਾ ਹੈ ਤੇ ਪਰਮਾਤਮਾ ਦੀ ਬਖਸ਼ਿਸ਼ ਦੇ ਦਰਵਾਜੇ ਹਰ ਮਨੁੱਖ ਲਈ ਹਰ ਵੇਲੇ ਖੁੱਲੇ ਹਨ। ਪ੍ਰਭੂ ਸਾਰਿਆਂ ਤੇ ਮਿਹਰ ਕਰਦਾ ਹੈ। ਅਸੀਂ ਤੇ ਰੋਜ਼ ਨਿੱਜੀ ਤੋਰ ਤੇ ਸੰਗਤੀ ਰੂਪ ਵਿੱਚ ਵੀ ਸਾਰੇ ਜਗਤ ਲਈ ਦੁਆ ਕਰਦੇ ਹਾਂ ਤੇ ਕਹਿੰਦੇ ਹਾਂ, **"ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ"**।

ਅਕਾਲ ਪੁਰਖ ਵਾਹਿਗੁਰੂ ਦਾ ਨਾਮ ਜਪਣ ਨਾਲ, ਸਿਮਰਨ ਕਰਨ ਨਾਲ ਮਨੁੱਖ ਦੇ ਦੁਖ ਦੂਰ ਹੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ:

1. **ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 262, ਗਉੜੀ ਸੁਖਮਨੀ ਮਃ 5)

2. **ਸੁਣਿਐ ਦੂਖ ਪਾਪ ਕਾ ਨਾਸੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 2, ਜਪੁ)

3. **ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 922, ਰਾਮਕਲੀ ਮਃ 3, ਅਨੰਦ)

ਇੰਨਾ ਕਹਿ ਕੇ ਮੈਂ ਆਪਣੀ ਗੱਲ ਪੂਰੀ ਕਰ ਦਿੱਤੀ। ਝੱਟ ਅਟਕ ਕੇ ਮੈਂ ਉਸਨੂੰ ਪੁੱਛਿਆ, "ਕੀ ਤੁਸੀਂ ਸਾਰੀ ਬਾਈਬਲ ਪੜੀ ਹੈ?"

"ਹਾਂ ਜੀ! ਮੈਂ ਪੂਰੀ ਬਾਈਬਲ ਪੜੀ ਹੈ," ਉਹ ਉਤਸਾਹਿਤ ਹੋ ਕੇ ਬੋਲਿਆ।

ਮੈਂ ਕਿਹਾ, "ਕੀ ਮੈਂ ਆਪ ਜੀ ਕੋਲੋਂ ਬਾਈਬਲ ਬਾਰੇ ਕੋਈ ਜਾਣਕਾਰੀ ਲੈ ਸਕਦਾ ਹਾਂ"।

"ਹਾਂ,ਹਾਂ ! ਕਿਉਂ ਨਹੀ ! ਤੁਸੀਂ ਜੋ ਮਰਜੀ ਪੁੱਛੋ।" ਉਹਨੇ ਜੋਸ਼ ਵਿੱਚ ਆ ਕਿ ਕਿਹਾ ।ਇਸ ਤੋਂ ਬਾਅਦ ਸਾਡੀ ਗੱਲ ਬਾਤ ਕਾਫੀ ਵੱਡੀ ਹੋ ਗਈ :

**ਦਾਸ:** "ਬਾਈਬਲ ਅਨੁਸਾਰ ਜਿਹੜੇ ਈਸਾਈ ਹਨ (ਭਾਵੇਂ ਉਹ ਕਿੱਦਾਂ ਦੇ ਵੀ ਹੋਣ) ਓਹ ਸਾਰੇ ਸਵਰਗਾਂ ਨੂੰ ਜਾਣਗੇ ਤੇ ਜਿਹੜੇ ਗੈਰ ਈਸਾਈ ਹਨ (ਉਹਨਾਂ





ਦੇ ਕਰਮ ਕਿੱਦਾਂ ਦੇ ਵੀ ਹੋਣ ) ਉਹ ਸਾਰੇ ਨਰਕਾਂ ਨੂੰ ਜਾਣਗੇ, ਤੁਹਾਡਾ ਇਸ ਬਾਰੇ ਕੀ ਵਿਚਾਰ ਹੈ"।

ਇਹ ਸੁਣ ਕੇ ਉਸਨੂੰ ਕੋਈ ਜੁਵਾਬ ਨਹੀਂ ਆਇਆ। ਇਸ ਗੱਲ ਨੂੰ ਨਾ ਤੇ ਉਸਨੇ ਸਹੀ ਕਿਹਾ ਤੇ ਨਾ ਹੀ ਗਲਤ। ਮੈਂ ਫਿਰ ਗੱਲ ਅੱਗੇ ਤੋਰੀ।

**ਦਾਸ:** ਮੰਨ ਲਵੋ ਕੋਈ ਅਧਿਆਪਕ ਇੰਜ ਕਹੇ ਕਿ ਜਿਹੜੇ ਵਿਦਿਆਰਥੀ ਮੇਰੇ ਕੋਲ ਟਿਊਸ਼ਨ ਪੜਨਗੇ, ਮੈਂ ਉਹਨਾਂ ਨੂੰ ਪਾਸ ਕਰਾਂਗਾ (ਭਾਵੇਂ ਉਹ ਲਾਇਕ ਹੋਣ ਜਾਂ ਨਾਲਾਇਕ) ਤੇ ਜਿਹੜੇ ਮੇਰੇ ਕੋਲੋਂ ਟਿਊਸ਼ਨ ਨਹੀਂ ਪੜਨਗੇ, ਮੈਂ ਉਹਨਾਂ ਨੂੰ ਫੇਲ ਕਰਾਂਗਾ (ਭਾਵੇਂ ਉਹ ਲਾਇਕ ਹੋਣ ਜਾਂ ਨਾਲਾਇਕ)। ਤਾਂ ਕੀ ਉਸ ਅਧਿਆਪਕ ਨੂੰ ਸਕੂਲ ਜਾਂ ਸਮਾਜ ਸਵੀਕਾਰ ਕਰੇਗਾ ? ਕੀ ਇਹੋ ਜਿਹੇ ਅਧਿਆਪਕ ਤੇ ਵਿਤਕਰਾ ਕਰਨ ਦਾ ਦੋਸ਼ ਨਹੀ ਲੱਗੇਗਾ ?

ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਉਹ ਇੰਨੀ ਹਿੰਮਤ ਵੀ ਨਾ ਸਮੇਟ ਸਕਿਆ ਕਿ ਕਹਿੰਦਾ "ਹਾਂ ਜੀ ਬਿਲਕੁਲ! ਅਜਿਹਾ ਅਧਿਆਪਕ ਗਲਤ ਹੈ ਕਿਉਂਕਿ ਉਹ ਵਿਤਕਰਾ ਕਰਦਾ ਹੈ।" ਮੈਂ ਇਸ ਉਦਾਹਰਣ ਰਾਹੀਂ ਉਸਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਅਜਿਹਾ ਵਿਤਕਰਾ ਕਰਨਾ ਗਲਤ ਹੈ। ਮੈਂ ਫਿਰ ਗੱਲ ਅੱਗੇ ਤੋਰੀ।

**ਦਾਸ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨਾਲ ਜਾਤ, ਨਸਲ, ਦੇਸ਼, ਰੰਗ, ਰੂਪ, ਧਰਮ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ। ਗੁਰਬਾਣੀ ਦਾ ਫੁਰਮਾਣ ਹੈ:

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 611, ਸੋਰਠਿ ਮਃ 5)

**ਨਾ ਕੋ ਬੈਰੀ ਨਹੀ ਬਿਗਾਨਾ**

**ਸਗਲ ਸੰਗਿ ਹਮ ਕਉ ਬਨਿ ਆਈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1299, ਕਾਨੜਾ ਮਃ 5)

ਪਰਮਾਤਮਾ ਸਾਰੀ ਕਾਇਆਨਾਤ ਦਾ ਇੱਕੋ ਇੱਕ ਮਾਲਿਕ ਹੈ। ਸਾਡਾ ਸਾਰਿਆਂ ਦਾ ਉਹ ਸਾਂਝਾ ਪਿਤਾ ਹੈ। ਤੇ ਅਸੀਂ ਸਾਰੇ (ਕੇਵਲ ਸਿੱਖ ਨਹੀਂ, ਬਲਕਿ ਹਿੰਦੂ, ਮੁਸਲਮਾਨ, ਈਸਾਈ, ਹੋਰ ਕਈ ਤਰ੍ਹਾਂ ਦੇ ਕਬੀਲੇ, ਇੱਥੇ ਤੱਕ ਕਿ ਕਮਿਊਨਿਸਟ ਵੀ) ਉਸ ਪਿਤਾ ਦੇ ਬੱਚੇ ਹਾਂ। ਉਹ ਨਿਰਵੈਰ ਹੈ ਤੇ ਸਾਰਿਆਂ ਨਾਲ ਪਿਆਰ ਕਰਦਾ ਹੈ। ਜੋ (ਕੋਈ ਵੀ) ਉਸਦਾ ਸਿਮਰਨ ਕਰਦੇ ਹਨ, ਗੁਣਾਂ ਨੂੰ ਅਪਣਾਂਉਦੇ ਹਨ ਉਹ ਗੁਰੂ ਦੇ ਨੇੜੇ ਹੋ ਜਾਂਦੇ ਹਨ ਤੇ ਜਿਹੜੇ ਉਸ ਨੂੰ ਭੁਲਾ ਕੇ ਵਿਕਾਰਾਂ ਵਿੱਚ ਖੱਚਿਤ ਹੁੰਦੇ ਹਨ, ਉਹ ਆਪਣੇ ਆਪ ਨੂੰ ਉਸ ਤੋਂ ਦੂਰ ਕਰ ਲੈਂਦੇ ਹਨ। ਗੁਰਬਾਣੀ ਦਾ ਹੁਕਮ ਹੈ :

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 8, ਸਲੋਕੁ)

ਸਵਰਗ ਨਰਕ ਬਾਰੇ ਗੁਰਬਾਣੀ ਇਸ ਤਰ੍ਹਾਂ ਸਮਝਾਉਂਦੀ ਹੈ। ਸਵਰਗ ਨਰਕ ਕੋਈ ਵੱਖਰੀਆਂ ਥਾਂਵਾਂ ਨਹੀਂ ਜਿੱਥੇ ਮਨੁੱਖ ਨੇ ਮਰਨ ਤੋਂ ਬਾਅਦ ਜਾਣਾ ਹੈ। ਸਵਰਗ ਦਾ ਲਾਲਚ ਅਤੇ ਨਰਕ ਦਾ ਡਰ ਦੇ ਕੇ ਧਰਮ ਦੇ ਠੇਕੇਦਾਰ, ਪੁਜਾਰੀ ਆਦਿ ਭੋਲੀ ਭਾਲੀ ਜਨਤਾ ਨੂੰ ਬੇਵਕੂਫ ਬਣਾ ਕੇ ਲੁੱਟਦੇ ਹਨ। ਜਿਹੜਾ ਮਨੁੱਖ ਮਾਲਿਕ ਨੂੰ ਹਮੇਸ਼ਾ ਯਾਦ ਰੱਖਦਾ ਹੈ, ਔਗਣਾਂ ਤੋਂ ਤੌਬਾ ਕਰਦਾ ਹੈ, ਸਮਝੋ ਉਹ ਇਸੀ ਧਰਤੀ ਤੇ ਸਵਰਗ ਵਿੱਚ ਹੈ। ਅਤੇ ਜੇ ਕੋਈ ਰੱਬ ਨੂੰ ਭੁਲਾ ਕੇ ਵਿਕਾਰਾਂ ਦਾ ਗੁਲਾਮ ਹੋ ਕੇ ਜੀਅ ਰਿਹਾ ਹੈ ਸਮਝੋ ਕਿ ਉਹ ਇਸੀ ਧਰਤੀ ਤੇ ਨਰਕ ਵਿੱਚ ਰਹਿ ਰਿਹਾ ਹੈ। ਗੁਰਬਾਣੀ ਦਾ ਫੁਰਮਾਣ ਹੈ:

**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ**





**ਤੂੰ ਆਪੇ ਸਰਧਾ ਲਾਇਹਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 749, ਸੂਹੀ ਮਃ 5)

ਇਹ ਸੁਣ ਕਿ ਉਸਨੇ ਹੋਰ ਕੋਈ ਗੱਲ ਨਹੀਂ ਕੀਤੀ। ਨਾ ਮੇਰੀ ਗੱਲ ਦਾ ਵਿਰੋਧ ਕੀਤਾ ਤੇ ਨਾ ਹੀ ਆਪਣੀ ਗੱਲ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਮੇਰੇ ਮਨ ਵਿੱਚ ਹੋਰ ਵੀ ਸਵਾਲ ਸਨ। ਮੈਂ ਪੁੱਛਿਆ:

**ਦਾਸ:** "ਕੀ ਤੁਸੀਂ ਗੈਲੀਲੀਓ ਬਾਰੇ ਜਾਣਦੇ ਹੋ?

**ਈਸਾਈ ਵੀਰ:** ਨਹੀਂ

**ਦਾਸ:** ਗੈਲੀਲੀਓ ਇਟਲੀ ਦਾ ਇੱਕ ਸਾਇੰਸਦਾਨ ਸੀ। ਉਸਦਾ ਵਿਗਿਆਨ ਨੂੰ ਬੜਾ ਯੋਗਦਾਨ ਹੈ। ਪਰ ਪਾਦਰੀਆਂ ਨੇ ਉਸਨੂੰ ਸਜ਼ਾਵਾਂ ਸੁਣਾਈਆਂ ਅਤੇ ਜੇਲ ਵਿੱਚ ਸੁੱਟ ਦਿੱਤਾ। ਜਾਣਦੇ ਹੋ ਕਿਉਂ ?

**ਈਸਾਈ ਵੀਰ:** ਉਹ ਚੁੱਪ ਰਿਹਾ । ਕੁੱਝ ਨਹੀਂ ਬੋਲਿਆ। ਬਸ ਮੁਸਕਰਾਉਣ ਦੀ

ਕੋਸ਼ਿਸ਼ ਕਰਦਾ ਰਿਹਾ ।

**ਦਾਸ:** ਬਾਈਬਲ ਵਿਚ ਲਿਖਿਆ ਹੈ ਕਿ ਸੂਰਜ ਧਰਤੀ ਦੇ ਆਲੇ ਦੁਆਲੇ ਘੁੰਮਦਾ ਹੈ। ਪਰ ਗੈਲੀਲੀਓ ਨੇ ਖੋਜ ਕਰ ਕੇ ਇਹ ਦੱਸਿਆ ਕਿ ਧਰਤੀ ਸੂਰਜ ਦੇ ਆਲੇ ਦੁਆਲੇ ਘੁੰਮਦੀ ਹੈ ਨਾ ਕਿ ਸੂਰਜ ਧਰਤੀ ਦੇ ਚੁਫੇਰੇ ਘੁੰਮਦਾ ਹੈ। ਉਸਦੇ ਇਸ ਪਾਪ ਲਈ ਪਾਦਰੀਆਂ ਨੇ ਉਸ ਨੂੰ ਸਜ਼ਾ ਦਿੱਤੀ ਅਤੇ ਤਸੀਹੇ ਦਿੱਤੇ। ਅੱਜ ਅਸੀਂ ਸਾਰੇ ਜਾਣਦੇ ਹਾਂ ਕਿ ਗੈਲੀਲੀਓ ਠੀਕ ਸੀ।

ਤੁਹਾਡਾ ਕੀ ਵਿਚਾਰ ਹੈ? ਕੀ ਪਾਦਰੀਆਂ ਨੇ ਠੀਕ ਕੀਤਾ ਸੀ ? ਤੁਸੀਂ ਬਾਈਬਲ ਨੂੰ ਰੱਬ ਦੇ ਬੋਲ ਕਹਿੰਦੇ ਹੋ। ਫਿਰ "ਰੱਬ ਦੇ ਬੋਲਾਂ" ਵਿੱਚ

ਇਹਨੀ ਵੱਡੀ ਗਲਤੀ ਕਿਸ ਤਰ੍ਹਾਂ ਹੋ ਸਕਦੀ ਹੈ? ਤੁਹਾਨੂੰ ਸ਼ਾਇਦ ਪਤਾ ਹੋਵੇ ਬਾਈਬਲ ਵਿਚ ਇਹ ਵੀ ਲਿਖਿਆ ਹੈ ਕਿ ਧਰਤੀ ਚਪਟੀ ਹੈ ਪਰ ਅਸੀਂ ਸਾਰੇ ਜਾਣਦੇ ਹਾਂ ਕਿ ਧਰਤੀ ਗੋਲ ਹੈ। ਪਰ ਹੁਣ ਸੁਣਨ ਵਿੱਚ ਆਇਆ ਹੈ ਕਿ ਈਸਾਈ ਵਿਦਵਾਨਾਂ ਨੇ ਬਾਈਬਲ ਵਿੱਚੋਂ ਇਹ ਗੱਲ ਬਾਹਰ ਕੱਢ ਦਿੱਤੀ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ"?

ਉਸ ਦਾ ਜਵਾਬ ਬੜਾ ਹੈਰਾਨ ਕਰਨ ਵਾਲਾ ਸੀ। ਮੈਂ ਸੋਚਿਆ ਕਿ ਸ਼ਾਇਦ ਉਹ ਇਸ ਬਾਰੇ ਵੀ ਚੁੱਪ ਰਹੇਗਾ ਜਾਂ ਕੋਈ ਗੋਲ ਮੋਲ ਜਵਾਬ ਦੇਵੇਗਾ। ਪਰ ਨਹੀਂ। ਉਸ ਦਾ ਜਵਾਬ ਬਿਲਕੁਲ ਅਨਪੜ ਅਤੇ ਅੰਧਵਿਸ਼ਵਾਸੀ ਬੰਦਿਆਂ ਵਾਲਾ ਸੀ।

**ਈਸਾਈ ਵੀਰ :** ਪਾਦਰੀਆਂ ਨੇ ਜੋ ਗੈਲੀਲੀਓ ਨੂੰ ਤਸੀਹੇ ਦਿੱਤੇ, ਉਸ ਬਾਰੇ ਮੈਂ ਕੁੱਝ ਨਹੀਂ ਕਹਿਣਾ ਚਾਹੁੰਦਾ। ਪਰ ਅਸੀਂ ਤੇ ਇਹ ਹੀ ਮੰਨਦੇ ਹਾਂ ਕਿ ਸੂਰਜ ਧਰਤੀ ਦੇ ਆਲੇ ਦੁਆਲੇ ਘੁੰਮਦਾ ਹੈ। ਅਸੀਂ ਸਾਇੰਸ ਨੂੰ ਨਹੀਂ ਮੰਨਦੇ।

**ਦਾਸ:** ਪਰ ਜਦ ਤੁਹਾਡੇ ਬੱਚੇ ਸਕੂਲ ਵਿੱਚ ਇਹ ਪੜਣਗੇ ਕਿ ਧਰਤੀ ਸੂਰਜ ਦੇ ਇਰਦ ਗਿਰਦ ਘੁੰਮਦੀ ਹੈ ਅਤੇ ਤੁਸੀਂ ਉਸ ਨੂੰ ਬਾਈਬਲ ਪੜ੍ਹਾਉਗੇ ਕਿ ਸੂਰਜ ਧਰਤੀ ਦੇ ਆਲੇ ਦੁਆਲੇ ਘੁੰਮਦਾ ਹੈ ਤਾਂ ਕੀ ਬੱਚਿਆਂ ਵਾਸਤੇ ਮੁਸ਼ਕਿਲ ਨਹੀਂ ਖੜੀ ਹੋ ਜਾਵੇਗੀ ?

**ਈਸਾਈ ਵੀਰ :** ਸਕੂਲ ਵਿੱਚ ਅਸੀਂ ਜਾਣਕਾਰੀ (knowledge) ਲੈਣ ਜਾਂਦੇ ਹਾਂ ਤੇ ਬਾਈਬਲ ਅਸੀਂ ਗਿਆਨ ਲੈਣ ਲਈ ਪੜ੍ਹਦੇ ਹਾਂ।

**ਦਾਸ :** ਭਾਈ ਸਾਹਿਬ, ਤੁਸੀਂ ਇਹ ਕੀ ਬੋਲ ਰਹੇ ਹੋ? ਗਿਆਨ ਅਤੇ knowledge ਤੇ ਇੱਕੋ ਹੀ ਚੀਜ਼ ਹੈ। ਗਿਆਨ ਨੂੰ ਇੰਗਲਿਸ਼ ਵਿੱਚ knowl-





edge ਕਹਿੰਦੇ ਹਨ ਤੇ knowledge ਨੂੰ ਪੰਜਾਬੀ ਵਿੱਚ ਗਿਆਨ ਕਹਿੰਦੇ ਹਨ। ਨਾਲੇ ਕੋਈ ਵੀ ਬੱਚਾ ਇਸ ਤਰ੍ਹਾਂ ਦੁਚਿੱਤੀ ਵਿੱਚ ਰਹਿ ਕੇ ਸਹੀ ਵਿਕਾਸ ਕਿਸ ਤਰ੍ਹਾਂ ਕਰ ਸਕਦਾ ਹੈ ?

**ਈਸਾਈ ਵੀਰ :** (ਥੋੜਾ ਖਿਝ ਕੇ) ਤੁਸੀਂ ਜੇ ਬਾਈਬਲ ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਤੇ ਤੁਹਾਡੀ ਮਰਜ਼ੀ। ਤੁਸੀਂ ਸਾਇੰਸ ਨੂੰ ਮੰਨੀ ਜਾਉ। ਤੁਸੀਂ ਤੇ ਐਂਵੇ ਹੀ ਸਾਇੰਸ ਨੂੰ ਵਿੱਚ ਲਿਆਈ ਜਾ ਰਹੇ ਹੋ।

**ਦਾਸ :** ਵੀਰ ਜੀ, ਮੈਂ ਤੇ ਸਾਇੰਸ ਦਾ ਵਿਦਿਆਰਥੀ ਰਿਹਾ ਹਾਂ ਤੇ ਮੈਨੂੰ ਤਾਂ ਸਾਇੰਸ ਪੜ੍ਹਨ ਦਾ ਬਹੁਤ ਸ਼ੌਕ ਹੈ। ਪੱਛਮੀ ਦੇਸ਼ਾਂ ਨੇ ਤਾਂ ਤਰੱਕੀ ਹੀ ਸਾਇੰਸ ਦੇ ਸਿਰ ਤੇ ਕੀਤੀ ਹੈ। ਸਾਨੂੰ ਤੇ ਸਾਇੰਸ ਨੂੰ ਮੰਨਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹ ਲਵੋ, ਸਾਇੰਸ ਨਾਲ ਕਿਤੇ ਵੀ ਕੋਈ ਟਕਰਾਅ ਜਾਂ ਵਿਰੋਧ ਨਹੀਂ। ਬਲਕਿ ਕਈ ਸੱਚਾਈਆਂ ਜੋ ਸਾਇੰਸ ਨੇ ਹੁਣ ਲੱਭੀਆਂ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲਾਂ ਹੀ ਦਰਜ ਹਨ। ਮੈਂ ਤੁਹਾਡੇ ਨਾਲ ਬਾਈਬਲ ਦੀ ਵੀਚਾਰ ਕਰ ਰਿਹਾ ਹਾਂ। ਸਾਇੰਸ ਨੂੰ ਵਿੱਚ ਲੈ ਕੇ ਨਹੀਂ ਆ ਰਿਹਾ। ਜੋ ਬਾਈਬਲ ਵਿੱਚ ਲਿਖਿਆ ਹੈ ਉਸ ਦੀ ਵਿਚਾਰ ਅਸੀਂ ਕਰ ਰਹੇ ਹਾਂ।

ਖੈਰ ਇੱਕ ਹੋਰ ਗੱਲ ਦੱਸੋ ਕੀ ਬਾਈਬਲ ਵਿਚ ਇਹ ਵੀ ਲਿਖਿਆ ਹੈ ਕਿ ਔਰਤ ਪਾਪਾਂ ਦੀ ਜੜ ਹੈ, ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ?"

ਉਸ ਦਾ ਜਵਾਬ ਬੜਾ ਹੀ ਹੈਰਾਨ ਕਰਨ ਵਾਲਾ ਸੀ। ਪਾਠਕ ਆਪ ਹੀ ਪੜ੍ਹ ਲੈਣ :

**ਈਸਾਈ ਵੀਰ :** "ਬਿਲਕੁਲ ਜੀ ! ਔਰਤ ਸਾਰੇ ਪਾਪਾਂ ਦੀ ਜੜ ਹੈ । ਇਹ

ਗੱਲ ਪੂਰੀ ਤਰ੍ਹਾਂ ਸਹੀ ਹੈ"।

ਇਸ ਸਾਰੀ ਗੱਲ ਬਾਤ ਦੌਰਾਨ ਮੇਰੀ ਪਤਨੀ, ਮੇਰੇ ਦੋਸਤ ਦੀ ਪਤਨੀ ਅਤੇ ਉਸਦੇ ਮਾਤਾ ਜੀ ਅਤੇ ਮੇਰਾ ਦੋਸਤ ਵੀ ਉੱਥੇ ਬੈਠੇ ਸਨ।

**ਦਾਸ :** (ਬੀਬੀਆਂ ਵੱਲ ਦੇਖ ਕੇ) ਦੇਖੋ ਬੀਬੀਓ! ਇਹ ਵੀਰ ਜੀ ਕਹਿੰਦੇ ਹਨ ਕਿ (ਬਾਈਬਲ ਮੁਤਾਬਿਕ) ਔਰਤ ਪਾਪਾਂ ਦੀ ਜੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 473, ਆਸਾ ਮਃ 1)

ਅਰਥਾਤ ਔਰਤ ਜੋ ਕਿ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ ਉਸਨੂੰ ਮੰਦਾ ਕਿਉਂ ਆਖਿਆ ਜਾਏ? ਗੁਰੂ ਸਾਹਿਬ ਨੇ ਔਰਤ ਨੂੰ ਬਰਾਬਰੀ ਅਤੇ ਇੱਜ਼ਤ ਵਾਲਾ ਰੁਤਬਾ ਦਿੱਤਾ। ਸੋ ਬੀਬੀਓ, ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?

**ਮੇਰੇ ਦੋਸਤ ਦੀ ਪਤਨੀ :** ਅਸੀਂ ਕਿਉਂ ਆਪਣੇ ਆਪ ਨੂੰ ਪਾਪਾਂ ਦੀ ਜੜ੍ਹ ਮੰਨੀਏ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਪਰ ਸਾਡੇ ਲਈ ਕੋਈ ਗਿਆਨ ਨਹੀਂ।

**ਦਾਸ :** ਵੀਰ ਜੀ, ਸ਼ਾਇਦ ਤੁਹਾਨੂੰ ਪਤਾ ਹੋਵੇ ਕਿ ਨਾਰੀਵਾਦ (feminism) ਜੋ ਕਿ ਪੱਛਮ ਵਿੱਚ ਪੈਦਾ ਹੋਇਆ, ਉਹ ਬਾਈਬਲ ਦੇ ਇਸ ਸਿਧਾਂਤ (ਔਰਤ ਪਾਪਾਂ ਦੀ ਜੜ੍ਹ ਹੈ) ਨਾਲ ਬਗਾਵਤ ਦੇ ਰੂਪ ਵਿੱਚ ਹੀ ਜਨਮਿਆ। ਉਹਨਾਂ ਔਰਤਾਂ ਨੇ ਇਸ ਗੱਲ ਕਰਕੇ ਬਾਈਬਲ ਨੂੰ ਰੱਦ ਕੀਤਾ। ਸ਼ਾਇਦ ਇਹੀ ਕਾਰਣ ਹੈ ਕਿ feminist movement act ਦੀਆਂ ਕਈ ਔਰਤਾਂ ਧਰਮ ਤੋਂ ਮੁਨਕਰ ਹਨ। ਸ਼ੁਕਰ ਹੈ ਪਰਮਾਤਮਾ ਦਾ,ਸਿੱਖ ਧਰਮ ਸਿਧਾਂਤ ਪੱਖੋਂ ਇਸ ਸਮੱਸਿਆ ਤੋਂ ਮੁਕਤ ਹੈ।





ਅੱਛਾ ਵੀਰ ਜੀ, ਔਰਤ ਨਾਲ ਹੀ ਜੁੜਦੀ ਇੱਕ ਹੋਰ ਗੱਲ ਹੈ। ਬਾਈਬਲ ਦੇ ਮੁਤਾਬਿਕ ਰੱਬ ਨੇ ਔਰਤ ਨੂੰ Adam ਦੀ ਇੱਕ ਪੱਸਲੀ ਤੋਂ ਬਣਾਇਆ। ਇਸ ਕਰਕੇ ਮਰਦਾਂ ਵਿੱਚ ਛਾਤੀ ਦੀ ਇੱਕ ਪਸਲੀ ਘੱਟ ਹੁੰਦੀ ਹੈ। ਕੀ ਇਹ ਗੱਲ ਸਹੀ ਹੈ?

**ਈਸਾਈ ਵੀਰ :** ਜੀ ਬਿਲਕੁਲ ਸਹੀ ਹੈ। ਮੇਰੀ ਇੱਕ ਪਸਲੀ ਘੱਟ ਹੈ।

**ਦਾਸ :** ਪਰ ਮੈਂ ਵੀ ਮਰਦ ਹਾਂ। ਜਹਾਜ਼ ਤੇ ਚੜਨ ਤੋਂ ਪਹਿਲਾਂ ਸਾਡਾ ਮੈਡੀਕਲ ਹੁੰਦਾ ਹੈ ਜਿਸ ਵਿੱਚ ਛਾਤੀ ਦਾ x-ray ਲਿਆ ਜਾਂਦਾ ਹੈ। ਮੈਂ ਦੇਖਿਆ ਹੈ ਕਿ ਮੇਰੀਆਂ ਸਾਰੀਆਂ ਪਸਲੀਆਂ ਪੂਰੀਆਂ ਹਨ। ਜੇ ਤੁਸੀਂ ਆਪਣਾ x-ray ਕਰਵਾਉ ਤੇ ਤੁਹਾਨੂੰ ਵੀ ਪਤਾ ਲੱਗ ਜਾਏਗਾ ਕਿ ਤੁਹਾਡੀਆਂ ਸਾਰੀਆਂ ਪਸਲੀਆਂ ਪੂਰੀਆਂ ਹਨ।

**ਈਸਾਈ ਵੀਰ :** ਮੈਨੂੰ ਆਪਣਾ x-ray ਕਰਵਾਉਣ ਦੀ ਕੋਈ ਲੋੜ ਨਹੀਂ।

**ਦਾਸ :** ਅੱਛਾ ਰੱਬ ਨੂੰ ਇਹ ਕੀ ਸੁੱਝੀ ਕੀ ਉਹ adam ਦੀ ਪੱਸਲੀ ਤੋਂ ਹੀ ਔਰਤ ਨੂੰ ਬਣਾਵੇ।

**ਈਸਾਈ ਵੀਰ :** ਰੱਬ ਸਭ ਕੁੱਝ ਕਰ ਸਕਦਾ ਹੈ।

**ਦਾਸ :** ਇਹ ਤੁਸੀਂ ਬਿਲਕੁਲ ਸਹੀ ਗੱਲ ਕੀਤੀ ਹੈ। ਰੱਬ ਸਰਬ ਕਲਾ ਸਮਰੱਥ ਹੈ। ਪਰ ਜਿਵੇਂ Adam ਨੂੰ ਬਣਾਇਆ, ਉਸੀਂ ਢੰਗ ਨਾਲ ਔਰਤ (eve) ਨੂੰ ਵੀ ਤੇ ਬਣਾ ਸਕਦਾ ਸੀ। ਜੇ adam ਅਤੇ eve ਦੇ ਸਿਧਾਂਤ ਨੂੰ ਮੰਨ ਵੀ ਲਈਏ ਤਾਂ ਵੀ ਸ੍ਰਿਸ਼ਟੀ ਦੇ ਵਾਧੇ ਬਾਰੇ ਇੱਕ ਅਹਿਮ ਸਵਾਲ ਖੜਾ ਹੋ ਜਾਂਦਾ ਹੈ।

ਬਾਈਬਲ ਕਹਿੰਦੀ ਹੈ ਕਿ ਰੱਬ ਨੇ ਪਹਿਲਾਂ adam (ਮਰਦ) ਬਣਾਇਆ

ਤੇ ਫਿਰ adam ਦੀ ਪੱਸਲੀ ਤੋਂ ਔਰਤ ਬਣਾਈ । ਚਲੋ ਮੰਨ ਲਈਏ ਇਹ ਗੱਲ ਠੀਕ ਹੈ । adam ਅਤੇ eve ਤੋਂ ਅੱਗੇ ਉਹਨਾਂ ਦੇ ਬੱਚੇ ਹੋਏ ਜੋ ਕਿ ਆਪਸ ਵਿੱਚ ਭੈਣ ਭਰਾ ਸਨ। ਉਸ ਤੋਂ ਸ੍ਰਿਸ਼ਟੀ ਕਿਵੇਂ ਅੱਗੇ ਵਧੀ? ਇਸ ਗੱਲ ਨੂੰ ਜ਼ਰਾ ਸਮਝਾਓ।

**ਈਸਾਈ ਵੀਰ :** (ਪਰੇਸ਼ਾਨ ਹੋ ਕੇ) ਮੈਂ ਇਸ ਬਾਰੇ ਕੁੱਝ ਨਹੀਂ ਕਹਿ ਸਕਦਾ।

**ਦਾਸ :** ਖੈਰ ਕੋਈ ਗੱਲ ਨਹੀਂ। ਤੁਸੀ ਆਪਣੇ ਵਿਦਵਾਨਾਂ ਨੂੰ, ਪਾਦਰੀਆਂ ਨੂੰ ਪੁੱਛੋ ਕਿ ਇਸ ਗੱਲ ਦਾ ਕੀ ਜਵਾਬ ਹੋਣਾ ਚਾਹੀਦਾ ਹੈ ? ਸ਼ਾਇਦ ਤੁਹਾਨੂੰ ਪਤਾ ਹੋਵੇ ਕਿ Darwin ਇੱਕ ਜੀਵ ਵਿਗਿਆਨ ਦਾ ਸਾਇੰਸਦਾਨ ਹੋਇਆ ਹੈ। ਉਹ ਬ੍ਰਿਟੇਨ ਦਾ ਰਹਿਣ ਵਾਲਾ ਸੀ ਤੇ ਇੱਕ ਈਸਾਈ ਪਾਦਰੀ ਦਾ ਪੁੱਤਰ ਸੀ। ਉਸਨੇ ਜੀਵਾਂ ਦੀ ਉਤਪੱਤੀ ਬਾਰੇ ਕਾਫੀ ਖੋਜ ਕੀਤੀ । ਉਸਦੀ ਖੋਜ ਦੇ ਨਤੀਜੇ ਬਾਈਬਲ ਦੇ ਵੀਚਾਰਾਂ ਤੋਂ ਇੱਕਦਮ ਉਲਟ ਸਨ। ਉਸ ਦੀ ਖੋਜ ਕਰਕੇ Darwin ਨੂੰ ਸਾਰੀ ਉਮਰ ਪਾਦਰੀਆਂ ਅਤੇ ਈਸਾਈ ਜਗਤ ਵੱਲੋਂ ਸਤਾਇਆ ਜਾਂਦਾ ਰਿਹਾ।

ਵੀਰ ਜੀ, ਮੈਂ ਮਰਚੈਂਟ ਨੇਵੀ ਵਿੱਚ ਹਾਂ । ਪਿਛਲੇ 20-22 ਸਾਲਾਂ ਤੋਂ ਦੇਸ਼ਾਂ ਵਿਦੇਸ਼ਾਂ ਵਿੱਚ ਪਾਣੀ ਵਾਲੇ ਜਹਾਜ਼ ਰਾਹੀਂ ਜਾਈਦਾ ਹੈ। ਆਸਟ੍ਰੇਲੀਆ, ਨਿਊਜ਼ੀਲੈਂਡ, ਕੈਨੇਡਾ, ਯੂਰੋਪ, ਅਮਰੀਕਾ ਆਦਿ ਵਿੱਚ ਈਸਾਈ ਧਰਮ ਬੜੀ ਤੇਜ਼ੀ ਨਾਲ ਖਤਮ ਹੋ ਰਿਹਾ ਹੈ। ਚਰਚਾਂ ਖਾਲੀ ਪਈਆਂ ਹਨ । ਕਈ ਸੌ ਚਰਚਾਂ ਬੰਦ ਹੋ ਚੁੱਕੀਆਂ ਹਨ। ਅਰਬਾਂ ਰੁਪਏ ਖਰਚਣ ਦੇ ਬਾਵਜੂਦ ਵੀ ਨੌਜਵਾਨ ਬਾਈਬਲ ਨੂੰ Word of God (ਰੱਬ ਦੇ ਬੋਲ) ਮੰਨਣ ਨੂੰ ਤਿਆਰ ਨਹੀਂ ।

ਸ਼ਾਇਦ ਇਸੀ ਕਰਕੇ ਈਸਾਈਆਂ ਦੇ ਇੱਕ ਵਫਦ ਨੇ ਅਮਰੀਕਾ ਦੀ ਅਦਾਲਤ ਵਿੱਚ ਇਹ ਪੈਟੀਸ਼ਨ ਦਾਖਲ ਕੀਤੀ ਕਿ ਉਹਨਾਂ ਦੇ ਬੱਚਿਆਂ ਨੂੰ





ਸਾਇੰਸ ਨਾ ਪੜਾਈ ਜਾਵੇ ਕਿਉਂਕਿ ਸਾਇੰਸ ਪੜ੍ਹਕੇ ਬੱਚਿਆਂ ਦਾ ਬਾਈਬਲ ਤੋਂ ਵਿਸ਼ਵਾਸ ਉੱਠੀ ਜਾ ਰਿਹਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਦਾਲਤ ਨੇ ਉਹਨਾਂ ਦੀ ਪੈਟੀਸ਼ਨ ਰੱਦ ਕਰ ਦਿੱਤੀ।

**ਈਸਾਈ ਵੀਰ :** ਸਾਨੂੰ ਇਹ ਸਭ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਆਤਮਾ ਅਤੇ ਪ੍ਰੇਮ ਦੀ, ਸੇਵਾ ਦੀ ਗੱਲ ਕਰਨੀ ਚਾਹੀਦੀ ਹੈ।

**ਦਾਸ :** ਆਤਮਾ, ਪ੍ਰੇਮ ਅਤੇ ਸੇਵਾ ਦੀ ਗੱਲ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਤੇ ਸਿੱਖ ਇਤਿਹਾਸ ਵਿੱਚ ਭਰੀ ਪਈ ਹੈ। ਅਸੀਂ ਅੰਸ਼ਿਕ ਰੂਪ ਵਿੱਚ ਕਿਸੇ ਗ੍ਰੰਥ ਨੂੰ ਨਹੀਂ ਦੇਖ ਸਕਦੇ ਕਿ ਜਿਹੜੀਆਂ ਗੱਲਾਂ ਠੀਕ ਨੇ ਉਹ ਲੈ ਲਉ ਤੇ ਜਿਹੜੀਆਂ ਗੱਲਾਂ ਦੀ ਕੋਈ ਤੁੱਕ ਨਹੀਂ ਬਣਦੀ ਉਹਨਾਂ ਦੀ ਗੱਲ ਨਾ ਕਰੋ। ਸਾਨੂੰ ਤੇ ਕਿਸੀ ਗ੍ਰੰਥ ਨੂੰ ਵੀ ਮੁਕੰਮਲ ਰੂਪ ਵਿੱਚ ਦੇਖਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਕੋਹੜੀਆਂ ਦੀ ਸੇਵਾ ਅਪਣੀ ਹੱਥੀ ਕੀਤੀ, ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਰੋਕ ਕੇ ਆਪਣੇ ਹੱਥੀ ਸੇਵਾ ਕੀਤੀ। ਦਸਵੰਧ ਰਾਹੀਂ ਲਾਹੌਰ ਵਿੱਚ ਮਹਾਮਾਰੀਆਂ ਦੇ ਰੋਗੀਆਂ ਦੀ ਸੇਵਾ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਚੇਚਕ ਦੇ ਰੋਗੀਆਂ ਦੀ ਆਪ ਸੇਵਾ ਕਰਦੇ ਰਹੇ। ਭਾਈ ਘਨ੍ਹੱਈਆ ਜੀ ਮੁਸਲਮਾਨਾਂ ਨੂੰ ਜੰਗ ਦੇ ਮੈਦਾਨ ਅੰਦਰ ਸਿੱਖਾਂ ਦੇ ਬਰਾਬਰ ਪਾਣੀ ਪਿਲਾਂਦੇ ਰਹੇ। ਮਗਰੋਂ ਉਹਨਾਂ ਦੀ ਦਵਾ-ਦਾਰੂ ਵੀ ਕੀਤੀ। ਇਸ ਤਰ੍ਹਾਂ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ।

ਸ਼ਹੀਦੀ ਦੀ ਗੱਲ ਕਰੀਏ ਤੇ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਬੈਠੇ, ਗੁਰੂ ਤੇਗ ਬਹਾਦਰ ਜੀ ਨੇ ਅਪਣੇ ਸੀਸ ਦਾ ਬਲੀਦਾਨ ਕੀਤਾ, ਸੱਤ ਅਤੇ ਨੌਂ ਸਾਲ ਦੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਗਏ, ਦੋ ਵੱਡੇ ਸਾਹਿਬਜ਼ਾਦੇ ਚਮਕੌਰ

ਦੀ ਜੰਗ ਵਿੱਚ ਸ਼ਹੀਦ ਹੋ ਗਏ। ਉਸ ਤੋਂ ਬਾਅਦ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਾਹਬਾਜ ਸਿੰਘ ਜੀ ਅਤੇ ਹੋਰ ਕਈ ਹਜ਼ਾਰ ਸਿੱਖ ਜਿੰਨ੍ਹਾਂ ਦੇ ਅਸੀਂ ਨਾਂ ਵੀ ਨਹੀਂ ਜਾਣਦੇ - ਇਹ ਸਭ ਕੁੱਝ ਧਰਮ ਦੀ ਖਾਤਿਰ, ਮਨੁੱਖੀ ਹੱਕਾਂ ਦੀ ਖਾਤਿਰ, ਜ਼ੁਲਮ ਨੂੰ ਖਤਮ ਕਰਨ ਦੀ ਖਾਤਿਰ ਅਤੇ ਇੱਕ ਦਮ ਨਿਸ਼ਕਾਮ ਹੋ ਕੇ ਇਹ ਸਭ ਸ਼ਹੀਦੀ ਜਾਮ ਪੀ ਗਏ। ਅਸੀਂ ਤੇ ਕਦੀ ਨਹੀਂ ਕਿਹਾ ਕਿ ਇਹਨਾਂ ਸਾਰਿਆਂ ਨੇ ਸ਼ਹੀਦ ਹੋ ਕਿ ਲੋਕਾਂ ਦੇ ਪਾਪ ਆਪਣੇ ਉੱਪਰ ਲੈ ਲਏ।

ਕਿਉਂਕਿ ਇਹ ਸਿਧਾਂਤ ਹੀ ਬੇ ਤੁਕਾ ਹੈ ਕਿ ਕੋਈ ਸ਼ਹੀਦ ਹੋ ਕੇ ਲੋਕਾਂ ਦਾ ਪਾਪ ਆਪਣੇ ਉੱਪਰ ਲੈ ਲੈਂਦਾ ਹੈ, ਜਿਸ ਤਰ੍ਹਾਂ ਕਿ ਤੁਸੀਂ ਯੀਸੂ ਦੀ ਸ਼ਹਾਦਤ ਬਾਰੇ ਪ੍ਰਚਾਰ ਕਰਦੇ ਹੋ। ਹਰ ਮਨੁੱਖ ਰੱਬ ਅੱਗੇ ਜਵਾਬ ਦੇਹ ਹੈ ਤੇ ਨਿਬੇੜਾ ਅਮਲਾਂ ਤੇ ਹੀ ਹੋਏਗਾ।

ਮੈਂ ਏਨਾ ਕੁੱਝ ਕਹਿ ਕੇ ਚੁੱਪ ਹੋ ਗਿਆ।

ਉਹ ਇਸਾਈ ਪ੍ਰਚਾਰਕ ਕੁੱਝ ਨਹੀਂ ਬੋਲਿਆ। ਮੇਰੇ ਦੋਸਤ ਨੇ ਉਸਨੂੰ ਕੋਈ ਹੋਰ ਗੱਲ ਕਰਨ ਲਈ ਪ੍ਰੇਰਿਆ। ਪਰ ਉਹ ਫਿਰ ਵੀ ਚੁੱਪ ਹੀ ਰਿਹਾ। ਫਿਰ ਮੇਰੇ ਦੋਸਤ ਨੇ ਉਸਨੂੰ ਕਿਹਾ, "ਭਾਅ ਜੀ ਤੁਹਾਡੀਆਂ ਸਾਰੀਆਂ ਗੱਲਾਂ ਰੱਦ ਹੋ ਚੁੱਕੀਆਂ ਹਨ"।

ਫਿਰ ਉਹ ਜਾਣ ਲਈ ਉਠਣ ਲੱਗਾ ਤੇ ਉੱਠਦੇ ਉੱਠਦੇ ਮੇਰੇ ਤੇ ਦੋਸ਼ ਲਾਇਆ ਕਿ ਮੇਰੇ ਵਿੱਚ ਸੁਨਣ ਦੀ ਘਾਟ ਹੈ। ਹਾਲਾਂਕਿ ਸਭ ਤੋਂ ਪਹਿਲਾਂ ਉਸ ਨੇ ਹੀ ਗੱਲ ਸ਼ੁਰੂ ਕੀਤੀ ਸੀ ਅਤੇ ਅਪਣੀ ਪੂਰੀ ਕਹਾਣੀ ਅਤੇ ਗੱਲ ਬਾਤ ਬੜੀ ਤਸੱਲੀ ਨਾਲ ਸੁਣਾਈ ਸੀ ਜੋ ਕਿ ਅਸੀਂ ਸਾਰਿਆ ਨੇ ਬੜੀ ਧਿਆਨ ਨਾਲ ਸੁਣੀ





ਸੀ। ਉਸ ਮਗਰੋਂ ਮੈਂ ਉਸ ਨੂੰ ਕਈ ਸਵਾਲ ਪੁੱਛੇ ਜਿਹਨਾਂ ਦਾ ਜਵਾਬ ਉਹ ਨਾ ਦੇ ਸਕਿਆ।

ਜਾਂਦੇ ਜਾਂਦੇ ਮੈਂ ਉਹਨਾਂ ਨੂੰ ਇੱਕ ਬੇਨਤੀ ਕੀਤੀ ਕਿ ਇੱਕ ਵੱਡਾ ਜਿਹਾ ਪੰਡਾਲ ਲਾ ਕੇ ਸਾਨੂੰ ਖੁੱਲਾ ਪ੍ਰੋਗਰਾਮ ਕਰਨਾ ਚਾਹੀਦਾ ਹੈ। ਉਸ ਵਿੱਚ ਆਸ-ਪਾਸ ਦੇ ਸਾਰੇ ਪਿੰਡਾ ਦੇ ਬੰਦਿਆਂ ਨੂੰ ਬੁਲਾਉਣਾ ਚਾਹੀਦਾ ਹੈ। ਉਸ ਵਿੱਚ ਇਸਾਈਆਂ ਵਲੋਂ ਪਾਦਰੀ ਵੀ ਆਣ ਤੇ ਅਸੀਂ ਵੀ ਆਈਏ। ਬਰਾਬਰ ਦਾ ਸਮਾਂ ਬੋਲਣ ਲਈ ਦੋਵੇਂ ਧਿਰਾਂ ਨੂੰ ਦਿੱਤਾ ਜਾਏ ਤਾਂ ਕਿ ਲੋਕਾਂ ਦੇ ਗਿਆਨ ਵਿੱਚ ਵਾਧਾ ਹੋਵੇ। ਹੋ ਸਕੇ ਤੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕਿਸੇ ਚੈਨਲ ਤੇ ਵੀ ਕੀਤਾ ਜਾਵੇ।

ਇਸ ਦੇ ਜਵਾਬ ਵਿੱਚ ਉਹ ਕੁੱਝ ਨਹੀਂ ਬੋਲਿਆ। ਉਸ ਦੇ ਚਲੇ ਜਾਣ ਤੋਂ ਬਾਅਦ ਮੇਰੇ ਦੋਸਤ ਅਤੇ ਉਸ ਦੇ ਪਰਿਵਾਰ ਨੇ ਮੇਰਾ ਧੰਨਵਾਦ ਕੀਤਾ ਤੇ ਮੈਂ ਅਪਣੇ ਗੁਰੂ ਸਾਹਿਬ ਦਾ ਧੰਨਵਾਦ ਕੀਤਾ। ਬਲ ਬੁਧ ਦਾ ਮਾਲਿਕ ਅਤੇ ਦਾਤਾ ਵਾਹਿਗੁਰੂ ਆਪ ਹੈ।

## ਦਾਸ ਵੱਲੋਂ ਸੰਗਤਾਂ ਨੂੰ ਅਪੀਲ

ਜਦੋਂ ਉਸ ਈਸਾਈ ਪ੍ਰਚਾਰਕ ਨਾਲ ਗੱਲ ਸ਼ੁਰੂ ਹੋਈ ਸੀ ਤੇ ਮੈਂ ਥੋੜਾ ਘਬਰਾਇਆ ਹੋਇਆ ਸੀ। ਜਦ ਉਹ ਅਪਣੀ ਗੱਲ ਕਰ ਰਿਹਾ ਸੀ ਤੇ ਮੈਂ ਮਨ ਹੀ ਮਨ ਅਰਦਾਸ ਕਰੀ ਜਾ ਰਿਹਾ ਸੀ ਕਿ " ਹੇ ਸੱਚੇ ਪਾਤਸ਼ਾਹ ਤੂੰ ਆਪ ਹੀ ਸੁਮੱਤ ਬਖਸ਼ੀਂ। ਆਪ ਹੀ ਗੱਲ ਕਰਵਾਈਂ। ਆਪ ਹੀ ਮੇਰੀ ਲਾਜ ਰੱਖੀਂ" ਅਤੇ ਸਤਿਗੁਰੂ ਨੇ ਮੇਰੀ ਲਾਜ ਰੱਖ ਲਈ।

ਇਹ ਸਭ ਗੁਰੂ ਦੀ ਬਖਸ਼ਿਸ਼ ਹੈ। ਤਾਕਤ ਅਤੇ ਬਰਕਤ ਗੁਰਬਾਣੀ ਦੀ ਹੈ। ਪਰਤਾਪ ਗੁਰੂ ਦੁਆਰਾ ਬਖਸ਼ੇ ਹੋਏ ਗਿਆਨ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਗੁਰੂ ਹਨ । ਇਸ ਦਾ ਗਿਆਨ ਹਰ ਮਨੁੱਖ ਲਈ ਹੈ। ਕੋਈ ਵੀ ਮਨੁੱਖ, ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ, ਇਸ ਨੂੰ ਪੜ੍ਹ ਕੇ, ਵੀਚਾਰ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ। ਪਰ ਅਸੀਂ ਸਿਰਫ ਵੰਨ ਸੁਵੰਨੇ ਰੁਮਾਲੇ ਚੜ੍ਹਾ ਕੇ ਮੱਥਾ ਟੇਕ ਕੇ ਹੀ ਕੰਮ ਮੁਕਾ ਲੈਂਦੇ ਹਾਂ। ਪਿਆਰੇ ਵੀਰੋ ਅਤੇ ਭੈਣੋ! ਗੁਰੂ ਸਾਹਿਬ ਨੇ ਗੁਰਬਾਣੀ ਪੜ੍ਹਨ ਅਤੇ ਵੀਚਾਰਨ ਲਈ ਸਾਨੂੰ ਦਿੱਤੀ ਹੈ ਨਾ ਕਿ ਕੇਵਲ ਮੱਥਾ ਟੇਕਣ ਲਈ।

ਆਓ! ਅਸੀਂ ਪ੍ਰਣ ਕਰੀਏ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਨੂੰ ਅਪਣੇ ਜੀਵਨ ਦਾ ਜਰੂਰੀ ਅੰਗ ਬਣਾਵਾਂਗੇ। ਬਾਣੀ ਨੂੰ ਆਪ ਪੜ੍ਹਾਂਗੇ, ਕੰਠ ਕਰਾਂਗੇ ਅਤੇ ਵੀਚਾਰਾਂਗੇ।

ਗੁਰਬਾਣੀ ਆਪ ਨਿਰੰਕਾਰ ਹੈ। ਅਥਾਹ ਸਾਗਰ ਹੈ ਜਿਸ ਵਿਚ ਗੁਰੂ ਉਪਦੇਸ਼ ਰੂਪੀ ਬੇਅੰਤ ਹੀਰੇ, ਜਵਾਹਰਾਤ, ਮਾਣਿਕ ਮੋਤੀ ਹਨ। ਆਓ! ਇਸ ਵਿੱਚ ਚੁਭੀਆਂ ਲਾਈਏ ਅਤੇ ਅਪਣੇ ਜੀਵਨ ਨੂੰ ਸਵਰਗ ਬਣਾਈਏ।





ਗੁਰਬਾਣੀ ਜਿੱਥੇ ਸੱਚ, ਸੰਤੋਖ, ਸੇਵਾ, ਸਿਮਰਨ ਅਤੇ ਨੈਤਿਕ ਗੁਣਾਂ ਦੀ ਗੱਲ ਕਰਦੀ ਉੱਥੇ ਨਾਲ ਨਾਲ ਵਹਿਮ-ਭਰਮ, ਅੰਧ-ਵਿਸ਼ਵਾਸ ਅਤੇ ਕਰਮ-ਕਾਂਡ ਤਿਆਗਣ ਦੀ ਵੀ ਪ੍ਰੇਰਨਾ ਕਰਦੀ ਹੈ। ਚੰਗੇ ਬਨਣ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਬੇ ਸਿਰ ਪੈਰ ਦੀ ਗੱਲਾਂ ਦੀ ਹਾਂ ਵਿੱਚ ਹਾਂ ਮਿਲਾਈ ਜਾਵੇ। ਗੁਰਬਾਣੀ ਸਪੱਸ਼ਟ ਕਰਦੀ ਹੈ ਰੱਬ ਨਾਂ ਤੇ ਕਦੀ ਜੰਮਦਾ ਹੈ ਤਾ ਨਾ ਹੀ ਕਦੀ ਮਰਦਾ ਹੈ। ਓਹ ਰੂਪ, ਰੰਗ, ਰੇਖ ਤੋਂ ਰਹਿਤ ਹੈ।

ਆਓ! ਗੁਰਬਾਣੀ ਦੀ ਸਮੁੱਚੀ ਵਿਚਾਰਧਾਰਾ ਨੂੰ ਸਮਝੀਏ ਤੇ ਸਾਰੇ ਸੰਸਾਰ ਵਿੱਚ ਇਸ ਪ੍ਰਚਾਰ ਨੂੰ ਪ੍ਰਸਾਰਨ ਦਾ ਯਤਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਜ਼ਿੰਮੇਵਾਰੀ ਖਾਲਸਾ ਪੰਥ ਨੂੰ ਆਪ ਸੌਂਪੀ ਹੈ।

ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ। ਪਰ ਜੇ ਕੋਈ ਸਾਡੇ ਵੀਰਾਂ/ਭੈਣਾਂ ਨੂੰ ਧਰਮ ਦੇ ਨਾਮ ਤੇ ਗੁੰਮਰਾਹ ਕਰੇ ਤਾਂ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ।

## ਈਸਾਈ ਪ੍ਰਚਾਰਕ ਨਾਲ ਗੱਲਬਾਤ

- ਪਰਗਟ ਸਿੰਘ, ਪੱਟੀ

**ਪਾਦਰੀ** - ਭਾਜੀ! ਆਪ ਕੀ ਕੰਮ ਕਰਦੇ ਹੋ?

**ਦਾਸ –** ਬਸ ਕਰਨਾ ਕੀ ਏ, ਵਿਹਲੇ ਈ ਆ

**ਪਾਦਰੀ –** ਅੱਛਾ, ਗ੍ਰੰਥੀ ਹੋਵੋਗੇ ਆਪ ?

**ਦਾਸ** - ਨਹੀਂ ਜੀ।

**ਦੂਸਰਾ ਪਾਦਰੀ** - ਫਿਰ ਕੀਰਤਨ ਕਰਦੇ ਹੋਵੋਗੇ?

**ਦਾਸ –** ਨਹੀਂ ਜੀ।

**ਪਾਦਰੀ –** ਫਿਰ ਕੀ ਕਰਦੇ ਓ?

**ਦਾਸ –** ਬੱਸ ਜੀ ਗੁਰਦੁਆਰੇ ਵਿੱਚ ਝਾੜੂ ਮਾਰਨ ਦੀ ਸੇਵਾ ਥੋੜ੍ਹੀ ਬਹੁਤੀ ਕਰ ਛੱਡੀਦੀ ਆ।

ਇੰਨੇ ਨੂੰ ਸਾਡੇ ਪਿਛੇ ਇੱਕ ਧਰੇਕ ਦਾ ਰੁੱਖ ਸੀ ਉਸ ਨੂੰ ਹੱਥ ਪਾ ਕੇ ਉਨ੍ਹਾਂ ਦਾ ਇੱਕ ਸੰਗੀ ਖੜ੍ਹਾ ਸੀ। ਉਸਨੇ ਗੱਲ ਸ਼ੁਰੂ ਕਰ ਦਿੱਤੀ।

**ਸੰਗੀ –** ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ, ਮੈਂ ਗੁਟਕੇ ਵਿਚੋਂ ਪੜ੍ਹਿਆ ਏ

**ਪੁਨ ਰਾਛਸ ਕਾ ਕਾਟਾ ਸੀਸਾ**
**ਸ੍ਰੀ ਅਸਿਕੇਤੁ ਜਗਤ ਕੇ ਈਸਾ॥**

ਈਸਾ ਭਾਵ ਪ੍ਰਭੂ ਯਿਸੂ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਪਰ ਸਿੱਖ ਜਾਣ-ਬੁਝ ਕੇ ਯਿਸ਼ੂ ਦਾ ਪ੍ਰਚਾਰ ਨਹੀਂ ਕਰਦੇ।

**ਦਾਸ –** ਮੁਆਫ ਕਰਨਾ ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਕਿਸੇ ਹੋਰ ਮਿਥਿਹਾਸ ਵਿਚ ਹੈ। ਇਸ ਦੇ ਨਾਲ ਜੋ ਤੁਸੀਂ ਯਿਸ਼ੂ ਦੀ ਵਿਆਖਿਆ ਕੀਤੀ ਹੈ ਉਹ ਗਲਤ ਹੈ।

**ਸੰਗੀ –** ਕਿਵੇਂ?

**ਦਾਸ –** ਉਹ ਇਸ ਤਰ੍ਹਾਂ ਕਿ ਉਸੀਂ ਅਜੇ ਚੰਗੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰੂਨੀ ਦਰਸ਼ਨ ਨਹੀਂ ਕੀਤੇ ਭਾਵ ਪੜ੍ਹਿਆ ਨਹੀਂ । ਅਗਰ ਤੁਸੀਂ ਇਹ ਕਰ ਲਵੋਗੇ ਤਾਂ ਤੁਹਾਡਾ ਇਹ ਭਰਮ ਦੂਰ ਹੋ ਜਾਵੇਗਾ ਕਿ ਈਸਾ ਯਿਸੂ ਦਾ ਨਹੀਂ ਇੱਕ ਅਕਾਲ ਪੁਰਖ ਦਾ ਲਖਾਇਕ ਹੈ। ਉਸ ਅਕਾਲ ਪੁਰਖ ਦੀ ਦਰਗਾਹ ਤੇ ਵਿਸ਼ਨੂੰ, ਸ਼ਿਵ ਜੀ, ਬ੍ਰਹਮਾ, ਮੁਹੰਮਦ ਸਾਹਿਬ ਤੇ ਈਸਾ ਵਰਗੇ ਬੇਅੰਤ ਹਨ। ਪਰ ਇਨ੍ਹਾਂ ਸਾਰਿਆਂ ਦਾ ਮਾਲਕ ਅਕਾਲ ਪੁਰਖ ਹੈ। ਉਸ ਦੀ ਰਜ਼ਾ ਵਿਚ ਇਹਨਾਂ ਨੂੰ ਰਹਿਣਾ ਪੈ ਰਿਹਾ ਹੈ।

ਇਹ ਸੁਣ ਕੇ ਅੱਗੇ ਦੋ ਪਾਦਰੀ ਜੋ ਬੈਠੇ ਸਨ। ਉਹਨਾਂ ਦੇ ਕੰਨ ਖੜ੍ਹੇ ਹੋ ਗਏ ਤੇ ਉਨ੍ਹਾਂ ਵਿੱਚੋਂ ਇੱਕ ਕਹਿਣ ਲੱਗਾ।

**ਪਾਦਰੀ –** ਪਰ ਭਾਜੀ ਮੁਕਤੀ ਦਾ ਸ਼ਬਦ ਕੇਵਲ ਯਿਸੂ ਜੀ ਕੋਲ ਹੈ ਹੋਰ ਕਿਤੇ ਨਹੀਂ, ਇਸਦੇ ਲੜ ਲੱਗਿਆਂ ਹੀ ਮੁਕਤੀ ਮਿਲੇਗੀ।

**ਦਾਸ –** ਅੱਛਾ, ਪਾਦਰੀ ਸਾਹਿਬ ਤੁਸੀਂ ਤਾਂ ਫਿਕਰ ਵਿੱਚ ਪਾ ਦਿੱਤਾ।

**ਪਾਦਰੀ –** (ਥੋੜਾ ਉਤਸਾਹਿਤ ਹੋ ਕੇ) ਹਾ ਜੀ ਇਸਦੇ ਬਾਰੇ ਸੋਚਣਾ ਪਵੇਗਾ।

**ਦਾਸ –** ਚਲੋ ਸੋਚ ਲੈਂਦੇ ਆ ਪਾਦਰੀ ਸਾਹਿਬ ਪਰ ਦੱਸੋ ਕਿ ਤੁਹਾਨੂੰ ਪੱਕਾ ਪਤਾ ਹੈ ਕਿ ਮਰਨ ਤੋਂ ਬਾਅਦ ਮੁਕਤੀ ਮਿਲ ਜਾਂਦੀ ਹੈ, ਦੱਸ ਸਕਦੇ ਓ।

(ਪਾਦਰੀ ਕੁਝ ਗਹਿਰੀ ਸੋਚ ਵਿਚ ਸੀ)

**ਦਾਸ –** ਕੋਈ ਗੱਲ ਨਹੀਂ ਮੈਨੂੰ ਲੱਗਦਾ ਹੈ ਤੁਸੀਂ ਛੇਤੀ ਦੱਸ ਨਹੀਂ ਪਾਓਗੇ। ਕਿਉਂ ਨਾ ਆਪਾਂ ਜੀਉਂਦੇ-ਜੀਅ ਮੁਕਤੀ ਦੀ ਗੱਲ ਕਰੀਏ ਕਿਉਂਕਿ ਮਰਨ ਤੋਂ ਬਾਅਦ ਮੁਕਤੀ ਬਾਰੇ ਦੱਸਣਾ ਮੁਸ਼ਕਲ ਹੈ। ਇੱਕ ਗੱਲ ਦੱਸੋ ਯਿਸੂ ਜੀ ਦੇ ਆਉਣ ਤੋਂ ਪਹਿਲਾਂ ਵੀ ਦੁਨੀਆਂ ਵੱਸਦੀ ਸੀ।

**ਪਾਦਰੀ –** ਜੀ ਹਾਂ ਵੱਸਦੀ ਸੀ।

**ਦਾਸ –** ਲੋਕ ਕਿਸੇ ਨਾ ਕਿਸੇ ਰੂਪ ਵਿਚ ਉਦੋਂ ਵੀ ਰੱਬ ਨੂੰ ਮੰਨਦੇ ਸਨ ਕੀ ਉਹਨਾਂ ਦੀ ਵੀ ਮੁਕਤੀ ਨਹੀਂ ਹੋਈ?

ਯਿਸੂ ਦੇ ਮੌਜੂਦਾ ਸਮੇਂ ਤੇ ਫਿਰ ਉਹਨਾਂ ਦੇ ਮਾਤ-ਲੋਕ ਜਾਣ ਦੇ ਸਮੇਂ ਤੋਂ ਬਾਅਦ ਵੀ ਲੋਕ ਵੱਖ-ਵੱਖ ਤਰੀਕਿਆਂ ਨਾਲ ਰੱਬ ਨੂੰ ਮੰਨਦੇ ਸਨ। ਉਹਨਾਂ ਦੇ ਜਾਣ ਤੋਂ ਬਾਅਦ ਕਈ ਮੁਬਾਰਕ ਰਹਿਬਰ ਨਵੀਂ ਵਿਚਾਰਧਾਰਾ ਲੈ ਕੇ ਆਏ। ਕੀ ਉਹਨਾਂ ਦੇ ਅਨੁਯਾਈਆਂ ਜਾਂ ਉਹਨਾਂ ਦੀ ਕਿਸੇ ਦੀ ਵੀ ਮੁਕਤੀ ਨਹੀਂ ਹੋਈ?

**ਪਾਦਰੀ –** ਜੀ, ਕਿਸੇ ਦੀ ਵੀ ਨਹੀਂ ਹੋਈ।

**ਦਾਸ –** ਠੀਕ ਐ, ਪਾਦਰੀ ਸਾਹਿਬ ਹੁਣ ਇਹ ਨਾ ਸਮਝਣਾ ਕਿ ਅਸੀਂ ਯਿਸ਼ੂ ਦੀ ਹੱਤਕ ਕਰਦੇ ਆ। ਸਿਰਫ ਆਪਾ ਮੁਲੰਕਣ ਕਰਨਾ ਏ ਤੇ ਇਸ ਸਿੱਟੇ ਤੇ ਪਹੁੰਚਣਾ ਏ ਕਿ ਯਿਸੂ ਤੋਂ ਬਾਦ ਆਏ ਰਹਿਬਰਾ ਦੀ ਮੁਕਤੀ ਹੋਈ ਏ ਜਾ ਨਹੀਂ। ਜਾਂ ਜੋ ਉਨ੍ਹਾਂ ਦੇ ਅਨੁਯਾਈ(ਚੇਲੇ) ਸਨ ਉਨ੍ਹਾਂ ਨੂੰ ਵੀ ਮੁਕਤ ਕਰਾ ਸਕੇ ਹਨ ਜਾਂ ਨਹੀਂ।

ਸਭ ਤੋਂ ਪਹਿਲਾਂ ਪਾਦਰੀ ਜੀ ਸਾਡਾ ਯਿਸੂ ਨੂੰ ਪ੍ਰਣਾਮ ਹੈ। ਇਸ ਕਰਕੇ ਨਹੀਂ ਕਿ ਉਨਹਾਂ ਤੋਂ ਈਸਾਈ ਮੱਤ ਚੱਲਿਆ। ਇਸ ਕਰਕੇ ਹੈ ਕਿ ਉਨ੍ਹਾਂ ਨੇ ਸਚਾਈ ਦੇ ਰਾਹ ਤੇ ਚੱਲਣ ਦੀ ਕੋਸ਼ਿਸ ਕੀਤੀ। ਭਾਵ ਸੱਚ ਦੀ ਗੱਲ ਹੈ ਕਰਨੀ ਚਾਹੀ ਹੁਣ ਕਿਰਪਾ ਕਰਕੇ ਦੱਸੋ ਕਿ ਯਿਸੂ ਦਾ ਅਖੀਰਲਾ ਸਮਾਂ ਕਿਵੇਂ ਹੋਇਆ।

**ਪਾਦਰੀ –** ਉਨਹਾਂ ਨੂੰ ਸਲੀਬ ਮਿਲੀ ਸੀ।

**ਦਾਸ –** ਜਦੋਂ ਸਲੀਬ ਦਿੱਤੀ ਗਈ ਤਾਂ ਉਨ੍ਹਾਂ ਦੇ ਨਾਲ ਹੋਰ ਵੀ ਕੋਈ ਸੀ।

**ਪਾਦਰੀ –** ਹਾਂ ਜੀ 12 ਚੇਲੇ ਸਨ।

**ਦਾਸ –** ਕੀ ਉਨ੍ਹਾਂ ਨੂੰ ਉਸ ਸਮੇਂ ਦੀ ਹਕੂਮਤ ਨੇ ਸਜ਼ਾ ਨਾ ਦਿੱਤੀ।



**ਪਾਦਰੀ –** ਉਹਨਾਂ ਨੂੰ ਛੱਡ ਦਿੱਤਾ ਗਿਆ।

**ਦਾਸ –** ਕਿਉ?

**ਪਾਦਰੀ –** (ਵੈਸੇ ਹੀ) ਉਸ ਤਰ੍ਹਾਂ ਹੀ।

**ਦਾਸ –** ਨਹੀਂ ਪਾਦਰੀ ਜੀ, ਮਾਫ ਕਰਨਾ ਸੱਚ ਕੁਝ ਹੋਰ ਹੈ ਵੈਸੇ ਤਾਂ ਹਕੂਮਤ ਛੱਡ ਨਹੀਂ ਸਕਦੀ। ਸੁਣਿਆ ਹੈ ਕਿ ਉਹਨਾਂ ਚੇਲਿਆਂ ਨੂੰ ਪੁੱਛਿਆਂ ਗਿਆ ਸੀ ਕਿ ਯਿਸੂ ਤੁਹਾਡਾ ਕੀ ਲੱਗਦਾ ਹੈ ।

**ਪਾਦਰੀ –** ਜੀ ਪੁਛਿਆ ਗਿਆ ਸੀ।

**ਦਾਸ –** ਚੇਲਿਆਂ ਦੇ ਇਮਤਿਹਾਨ ਦਾ ਸਮਾਂ ਸੀ। ਸਾਹਮਣੇ ਮੌਤ ਹੀ ਮੌਤ ਦਿਖਾਈ ਦੇ ਰਹੀ ਸੀ।

**ਪਾਦਰੀ –** ਜੀ ਹਾਂ ਸ਼ੈਤਾਨਾਂ ਦਾ ਹੀ ਬੋਲਬਾਲਾ ਸੀ ਜਿਆਦਾ।

**ਦਾਸ –** ਤੇ ਇਸੇ ਸ਼ੈਤਾਨਾ ਦੇ ਬੋਲਬਾਲੇ ਤੇ ਮੌਤ ਦੇ ਡਰਨੇ ਚੇਲਿਆਂ ਦੇ ਮੂੰਹੋਂ ਇਹ ਅਖਵਾ ਦਿੱਤਾ ਕਿ ਯਿਸ਼ੂ ਸਾਡਾ ਕੁਝ ਨਹੀਂ ਲੱਗਦਾ। ਮੌਤ ਤੋਂ ਬਚਣ ਦੀ ਖਾਤਰ ਇਕ ਚੇਲੇ ਨੇ ਤਾਂ ਯਿਸ਼ੂ ਦੇ ਮੂੰਹ ਤੇ ਥੁੱਕ ਦਿੱਤਾ। ਮੈਂ ਬਿਲਕੁਲ ਠੀਕ ਕਹਿ ਰਿਹਾ ਹਾਂ ਨਾ ਪਾਦਰੀ ਸਾਹਿਬ।

(ਪਾਦਰੀ ਅਜੇ ਬੋਲੇ ਨਹੀਂ ਸੀ ਸੋਚ ਵਿਚ ਸਨ)

**ਦਾਸ –** ਠੀਕ ਐ, ਪਾਦਰੀ ਜੀ ਯਿਸੂ ਨੂੰ ਸਲੀਬ ਮਿਲ ਗਈ ਪਰ ਚੇਲਿਆਂ ਨੂੰ ਛੱਡ ਦਿੱਤਾ ਗਿਆ ਕਿਉਂਕਿ ਚੇਲਿਆਂ ਦੇ ਵਰਤਾਓ ਤੋਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਹੁਣ ਉਹ ਯਿਸੂ ਨੂੰ ਪਿਆਰ ਨਹੀਂ ਕਰਦੇ। ਪਾਦਰੀ ਜੀ ਦੱਸੋ ਇਸ ਤੋਂ ਬਾਅਦ ਆਪਣਾ ਕੋਈ ਹੋਰ ਯੀਸ਼ੂ ਹੋਇਆ ਹੋਵੇ ਕਿਸੇ ਦੀ ਸ਼ਹੀਦੀ ਹੋਈ ਹੋਵੇ।

**ਪਾਦਰੀ –** ਜੀ ਨਹੀਂ।

**ਦਾਸ –** ਇਸ ਦਾ ਮਤਲਬ ਇਥੇ ਆਪ ਜੀ ਦਾ ਇਤਿਹਾਸ ਸਮਾਪਤ ਹੈ। ਅੱਗੇ ਕੋਈ ਸ਼ਹੀਦੀ ਹੋਵੇ ਤਾਂ ਦੱਸ ਸਕਦੇ ਹੋ ਨਹੀਂ ਤਾਂ ਆਪਾ ਅੱਗੇ ਗੱਲ ਸ਼ੁਰੂ

ਕਰੀਏ।

**ਪਾਦਰੀ –** ਤੁਸੀਂ ਅੱਗੇ ਗੱਲ ਸ਼ੁਰੂ ਕਰੋ

**ਦਾਸ –** ਠੀਕ ਹੈ ਤੁਸੀਂ ਮੁਕਤੀ ਦੇ ਸ਼ਬਦ ਦੀ ਗੱਲ ਕੀਤੀ ਹੈ। ਹੁਣ ਆਪਾ ਗੁਰੂ ਨਾਨਕ ਦੇ ਘਰ ਵੱਲ ਆ ਜਾਈਏ। ਗੁਰੂ ਨਾਨਕ ਦੇ ਘਰ ਪਹਿਲਾਂ ਸ਼ਹੀਦੀ ਦਾ ਦੌਰ ਗੁਰੂ ਅਰਜੁਨ ਦੇਵ ਤੋਂ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬ ਨੇ ਉਸ ਵਕਤ ਦੀ ਹਕੂਮਤ ਦੀ ਗੱਲ ਨਹੀਂ ਮੰਨੀ। ਉਹਨਾਂ ਨੂੰ ਧਰਮ ਤਬਦੀਲ ਕਰਨ ਲਈ ਕਿਹਾ ਗਿਆ ਪਰ ਸਤਿਗੁਰੂ ਦੀਨੋ-ਬੇਦੀਨ ਨਹੀਂ ਹੋਏ। ਜਾਲਮਾਂ ਦੀ ਗੱਲ ਨਹੀਂ ਮੰਨੀ। ਜਿਸ ਕਾਰਨ ਸਤਿਗੁਰਾਂ ਨੂੰ ਤੱਤੀ ਤਵੀ ਤੇ ਬਿਠਾਇਆ ਹੇਠਾਂ ਕਹਿਰਾ ਦੀ ਅੱਗ ਬਾਲ ਦਿੱਤੀ। ਸਰੀਰ ਘਲਦਾ ਏ। ਚਮੜੀ ਸੜਦੀ ਏ ਪਰ ਗੁਰੂ ਜੀ ਤੱਤੀ ਲੋਹ ਤੇ ਅਡੋਲ ਬੈਠੇ ਨੇ ਚਿਹਰੇ ਤੇ ਕਿਸੇ ਪ੍ਰਕਾਰ ਦੀ ਕੋਈ ਉਦਾਸੀ ਨਹੀਂ। ਜਦੋਂ ਕੋਈ ਕਸ਼ਟ ਹੁੰਦਾ ਹੈ ਤਾਂ ਚਿਹਰੇ ਦੇ ਹਾਵ-ਭਾਵ ਬਦਲ ਜਾਂਦੇ ਨੇ, ਗੁਰਬਾਣੀ ਵਿਚ ਜੁੜੇ ਨੇ। ਇਸ ਨੂੰ ਤੁਸੀ ਪਾਦਰੀ ਜੀ ਕੀ ਸਮਝਦੇ ਹੋ ਕੀ ਹੇਠਲੇ ਸਰੀਰ ਦਾ ਮੁਖ ਨਾਲ ਕੋਈ ਲਗਾਵ ਨਹੀਂ ਸੀ

**ਪਾਦਰੀ–** ਹੈ ਸੀ।

**ਦਾਸ –** ਪਰ-ਗੁਰੂ ਜੀ ਇੰਝ ਬੈਠੇ ਨੇ ਜਿਵੇਂ ਕੁਝ ਹੋ ਹੀ ਨਹੀਂ ਰਿਹਾ ਸੀ। ਦੱਸ ਸਕਦੇ ਹੋ ਕਾਹਦੇ ਆਸਰੇ ਬੈਠੇ ਸੀ।

ਪਾਦਰੀ ਚੁੱਪ ਸੀ

**ਦਾਸ–** ਪਾਦਰੀ ਸਾਹਿਬ ਤੁਸੀ ਮੁਕਤੀ ਦੇ ਸ਼ਬਦ ਦੀ ਗੱਲ ਕੀਤੀ ਹੈ। ਮਰਨ ਤੋਂ ਬਾਅਦ ਮੁਕਤੀ ਮਿਲੇਗੀ। ਪਰ ਮਰਨ ਤੋਂ ਬਾਅਦ ਮੁਕਤੀ ਕਿਸੇ ਨੇ ਵੇਖੀ ਏ। (ਪਾਦਰੀ ਨੇ ਨਾਂਹ ਵਿਚ ਸਿਰ ਫੇਰ ਦਿੱਤਾ)

**ਦਾਸ –** ਫਿਰ ਤੁਸੀ ਮੁਕਤੀ ਦੀ ਗੱਲ ਕਿਸ ਤਰ੍ਹਾਂ ਕਰ ਸਕਦੇ ਹੋ? ਪਾਦਰੀ ਜੀ ਮੁਕਤੀ ਉਹੀ ਹੈ ਜੋ ਜਿਉਂਦੇ ਜੀਅ ਮੁਕਤ ਲੱਗੇ ਤੇ ਅਸੀਂ ਉਸਨੂੰ ਮਰਨ ਤੋਂ ਬਾਅਦ ਵੀ ਮੁਕਤ ਸਮਝਦੇ ਹਾਂ ਪਰ ਜੀਉਂਦੇ ਜੀਅ ਜੋ ਸਰੀਰਕ ਸੁੱਖ ਵਿਚ


ਪਿਆ ਰਿਹਾ ਤੇ ਉਹ ਤਾਂ ਮੁਕਤ ਨਹੀਂ ਹੈ। ਜਿਸ ਮੁਕਤੀ ਦੇ ਸ਼ਬਦ ਦੀ ਤੁਸੀਂ ਗੱਲ ਕਰਦੇ ਹੋ ਉਸ ਤੋਂ ਕਿਤੇ ਸ਼ਕਤੀਸ਼ਾਲੀ ਗੁਰਮੰਤ੍ਰ ਗੁਰੂ ਸਾਹਿਬ ਦੇ ਕੋਲ ਸੀ। ਉਸ ਸ਼ਕਤੀ ਦੇ ਸ਼ਬਦ ਦੁਆਰਾ ਗੁਰੂ ਸਾਹਿਬ ਬਹੁਤ ਵੱਡੇ ਕਸ਼ਟ ਸਹਾਰ ਗਏ। ਤੱਤੀ ਰੇਤ ਵੀ ਜਾਲਮਾਂ ਸੀਸ ਵਿਚ ਪਾਈ ਬੇਅੰਤ ਕਸ਼ਟ ਦਿੱਤੇ ਪਰ ਗੁਰੂ ਸਾਹਿਬ ਸਹੀਦ ਹੋਣ ਤੱਕ ਡੋਲੇ ਨਹੀਂ ਅਡੋਲ ਰਹੇ ਤੇ ਸਤਿਗੁਰੂ ਇਸੇ ਤੇ ਪੈਰਾ ਦਿੰਦੇ ਰਹੇ

**ਤੇਰਾ ਕੀਆ ਮੀਠਾ ਲਾਗੈ**

**ਹਰਿ ਨਾਮੁ ਪਦਾਰਥ ਨਾਨਕ ਮਾਗੈਂ॥**

ਭਾਵ– ਮੈਨੂੰ ਤੇਰਾ ਵਰਤਾਇਆ ਭਾਣਾ ਮਿੱਠਾ ਲੱਗਦਾ ਹੈ ਤੇ ਮੈਂ ਨਾਮ ਜੱਪਣ ਦੀ ਲੋਚਾ ਰੱਖਦਾ ਹਾਂ।

**ਪਾਦਰੀ –** ਜੀ, ਤੁਸੀਂ ਅਜੇ ਵੀ ਸਮਝਦੇ ਹੋ ਗੁਰੂ ਸਾਹਿਬ ਮੁਕਤ ਨਹੀਂ ਹੋਏ (ਪਾਦਰੀ ਚੁੱਪ ਸੀ)

**ਦਾਸ –** ਇਹ ਤਾਂ ਗੁਰੂ ਸਾਹਿਬ ਆਪ ਸਨ। ਹੈਰਾਨੀ ਦੀ ਗੱਲ ਹੈ ਕਿ ਯਿਸ਼ੂ ਜੀ ਨੂੰ ਚੇਲੇ ਛੱਡ ਗਏ ਸੀ ਪਰ ਏਧਰ ਗੁਰੂ ਦੇ ਚੇਲਿਆਂ ਨੇ ਵੀ ਵਿਲੱਖਣ ਮਿਸਾਲ ਪੈਦਾ ਕਰ ਦਿੱਤੀ।

ਪੰਜਵੇ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਮੁਗਲਾਂ ਨਾਲ ਲੋਹਾ ਲੈਣ ਲਈ ਫੌਜ ਦੀ ਤਿਆਰੀ ਕੀਤੀ। ਲੜਾਈਆਂ ਵੀ ਹੋਈਆਂ। ਸਿੱਖਾਂ ਦੀ ਫਤਿਹ ਹੁੰਦੀ ਰਹੀ।

ਨੌਂਵੇ ਪਾਤਸ਼ਾਹ ਸਤਿਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਬਲੀਦਾਨ ਦੇਣਾ ਪਿਆ। ਤਿੰਨ ਮਰਜੀਵੜੇ ਗੁਰਸਿੱਖ (ਚੇਲੇ) ਗੁਰੂ ਜੀ ਦੇ ਨਾਲ ਸਨ। ਮੁਗਲਾਂ ਨੇ ਸੋਚਿਆਂ ਕਿ ਗੁਰੂ ਜੀ ਤੇ ਡੋਲਣਗੇ ਨਹੀਂ। ਕਿਉਂ ਨਾ ਉਹਨਾਂ ਦੇ ਨਾਲ ਜੋ ਚੇਲੇ ਹਨ, ਉਹਨਾਂ ਤੇ ਜੁਲਮ ਕੀਤੇ ਜਾਣ। ਉਹ ਧਰਮ ਤੋਂ ਡੋਲ ਜਾਣ ਸਾਡੀ ਇੰਨੇ ਵਿਚ ਵੀ ਵਾਹ-ਵਾਹ ਹੋ ਜਾਏ। ਤਿੰਨ ਗੁਰਸਿੱਖ

ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲਾ ਤਿੰਨਾਂ ਨੂੰ ਵਾਰੀ-ਵਾਰੀ ਧਰਮ ਤਬਦੀਲ ਕਰਨ ਲਈ ਕਿਹਾ ਗਿਆ। ਨਹੀਂ ਮੰਨੇ ਤੇ ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬਿਠਾ ਦਿੱਤਾ ਹੇਠਾਂ ਕਹਿਰਾ ਦੀ ਅੱਗ ਬਾਲੀ ਗਈ ਭਾਈ ਜੀ ਦਾ ਸਰੀਰ ਆਲੂ ਵਾਂਗ ਉਬਲ ਰਿਹਾ ਸੀ। ਪਰ ਚਿਹਰਾ ਉਪਰੋਂ ਨੰਗਾ ਹੈ ਬਿਲਕੁਲ ਸ਼ਾਤਚਿਤ ਹੈ ਕੋਈ ਗੁੱਸਾ ਨਹੀਂ, ਕੁਰਲਾਹਟ ਨਹੀਂ ਬਣੇਗੀ ਨਹੀਂ ਸਗੋਂ ਮੁਖ ਬਾਣੀ ਨਾਲ ਜੁੜਿਆ ਹੈ। ਖੁਸ਼ ਲੱਗ ਰਿਹਾ ਹੈ। ਪਾਦਰੀ ਜੀ ਇਹ ਦੱਸੋ ਕਿ ਪੰਜ ਭੂਤਕ ਸਰੀਰ ਕਾਹਦੇ ਆਸਰੇ ਪਾਣੀ ਦੀ ਉਬਲਦੀ ਦੇਗ ਵਿਚ ਬੈਠ ਸਕਦਾ ਹੈ।

(ਪਾਦਰੀ ਫਿਰ ਅਜੇ ਚੁੱਪ ਸੀ)

ਇਸੇ ਤਰ੍ਹਾਂ ਭਾਈ ਮਤੀ ਦਾਸ ਜੀ ਨੂੰ ਲੱਕੜ ਦੇ ਸਿੰਕਜੇ ਵਿਚ ਫਿਟ ਕਰ ਦਿੱਤਾ। ਜਾਲਮਾਂ ਨੇ ਕਿਹਾ ਕਿ ਆਪਣੀ ਆਖਰੀ ਇੱਛਾ ਦੱਸ ਦਿਓ। ਪਰ ਉਹਨਾਂ ਨੇ ਪਤਾ ਕੀ ਜ਼ਾਹਰ ਕੀਤੀ ਕਿ ਤੁਸੀ ਆਪਣਾ ਆਰਾ ਹੋਰ ਤਿਖਾ ਕਰ ਲਵੋ ਜਿਸ ਦੇ ਨਾਲ ਮੇਰੇ ਸਰੀਰ ਦੇ ਦੋ ਫਾੜ ਕਰਨੇ ਹਨ। ਉਹਨਾਂ ਚਿਰ ਮੈਂ ਆਪਣਾ ਮਨ ਗੁਰਬਾਣੀ ਨਾਲ ਹੋਰ ਤਿਖਾਂ ਕਰ ਲਵਾਂ। ਇਸੇ ਤਰ੍ਹਾਂ ਹੋਇਆ ਜਾਲਮਾਂ ਨੇ ਭਾਈ ਜੀ ਦੇ ਸਰੀਰ ਦੇ ਦੋ ਫਾੜ ਕਰ ਦਿੱਤੇ ਲਹੂ ਦੇ ਫੁਹਾਰੇ ਚੱਲੇ। ਜਿੰਨਾ ਚਿਰ ਸਰੀਰ ਦੋ ਫਾੜੇ ਨਹੀਂ ਹੋਇਆ ਭਾਈ ਜੀ ਦੇ ਮੂੰਹੋਂ ਹਾਏ ਦੀ ਥਾਂ ਤੇ ਵਾਹਿਗੁਰੂ ਦੀ ਆਵਾਜ਼ ਆਉਂਦੀ ਰਹੀ। ਪਾਦਰੀ ਜੀ! ਦੱਸ ਸਕਦੇ ਹੋ ਕਿਹੜੀ ਸ਼ਕਤੀ ਨੇ ਭਾਈ ਜੀ ਨੂੰ ਅਡੋਲ ਰੱਖਿਆ। ਮੈਨੂੰ ਪਤਾ ਨਹੀ ਦੱਸ ਪਾਉਂਗੇ ਇਸੇ ਤਰ੍ਹਾਂ ਭਾਈ ਸਤੀ ਦਾਸ ਜੀ ਨੂੰ ਰੂ ਵਿਚ ਲਪੇਟ ਕੇ ਸ਼ਹੀਦ ਕੀਤਾ ਗਿਆ। ਉਹ ਵੀ ਅਡੋਲ ਰਹੇ ਭਾਣਾ ਮੰਨਿਆ ਸ਼ਹੀਦ ਹੋ ਗਏ। ਇਥੋਂ ਤੁਹਾਨੂੰ ਸਿਧ ਹੋ ਗਿਆ ਹੋਵੇਗਾ ਕਿ ਗੁਰੂ ਵੀ ਮੁਕਤ ਹੋਏ ਤੇ ਚੇਲੇ ਵੀ। ਮੁਕਤ ਵੀ ਜਿਉਂਦੇ ਹੋਏ ਨਾ ਕਿ ਮਰਾਨ ਤੋਂ ਬਾਅਦ ਇਸ ਪ੍ਰਥਾਇ ਸਤਿਗੁਰਾ ਦਾ ਫੁਰਮਾਨ ਹੈ:-



**ਸਬਦ ਮਰਹੁ ਫਿਰਿ ਜੀਵਹੁ ਸਦ ਹੀ**
**ਤਾ ਫਿਰ ਮਰਣੁ ਨਾ ਹੋਈ॥**

**ਦਾਸ–** ਪਾਦਰੀ ਸਾਹਿਬ ਮੁਕਤੀ ਦੇ ਸਬਦ ਬਾਰੇ ਅਜੇ ਵੀ ਕੋਈ ਸ਼ੱਕ ਹੈ ਤਾਂ ਦੱਸੋ। ਨਹੀਂ ਤੇ ਅੱਗੇ ਤੁਰੀਏ।

ਪਾਦਰੀ ਇਸ ਸਵਾਲ ਪੱਖੋਂ ਚੁਪ ਸੀ ਪਰ ਉਸਨੇ ਇੱਕ ਸਵਾਲ ਹੋਰ ਕੀਤਾ।

**ਪਾਦਰੀ –** ਯਿਸੂ ਪ੍ਰਮੇਸ਼ਰ ਦਾ ਖਾਸ ਪੁੱਤਰ ਸੀ, ਰੱਬ ਨੇ ਇਸ ਨੂੰ ਆਪ ਪੈਦਾ ਕੀਤਾ ਹੈ ਨਾ ਕਿ ਗੁਰੂਆਂ ਵਾਂਗ ਪੈਦਾ ਹੋਇਆ ਹੈ।

**ਦਾਸ –** ਪਾਦਰੀ ਸਾਹਿਬ ਆਪ ਕਿਵੇਂ ਕਹਿ ਰਹੇ ਹੋ ਕਿ ਕੀ ਮਾਤਾ ਨੇ ਇਸ ਨੂੰ ਪੈਦਾ ਨਹੀਂ ਕੀਤਾ।

**ਪਾਦਰੀ –** ਇਹ ਸੰਸਾਰਕ ਰੀਤੀ ਅਨੁਸਾਰ ਪੈਦਾ ਨਹੀਂ ਹੋਏ।

**ਦਾਸ –** ਸੰਸਾਰੀ ਰੀਤੀ ਮੁਤਾਬਕ ਔਰਤ ਤੇ ਮਰਦ ਦਾ ਕੋਈ ਸਰੀਰਕ ਮੇਲ ਨਹੀਂ ਹੋਇਆ ਇਹੀ ਤੁਸੀਂ ਕਹਿ ਰਹੇ ਹੋ ਨਾ ਪਾਦਰੀ ਜੀ? ਪਰ ਮੈਂ ਸੁਣਿਆ ਏ ਯੂਸਫ ਤੇ ਮਰੀਅਮ ਇਹਨਾਂ ਦੇ ਮਾਤਾ ਪਿਤਾ ਸਨ।

**ਪਾਦਰੀ –** ਜੀ ਹਾਂ, ਪਰ ਇਨ੍ਹਾਂ ਵਿਚ ਕੋਈ ਸਰੀਰਕ ਕਿਰਿਆ ਨਹੀਂ ਹੋਈ।

**ਦਾਸ –** ਕਮਾਲ ਏ, ਫਿਰ ਪੈਦਾ ਕਿਵੇਂ ਹੋਏ?

**ਪਾਦਰੀ –** ਪ੍ਰਮੇਸ਼ਰ ਪੈਦਾ ਕਰ ਸਕਦਾ ਹੈ।

**ਦਾਸ –** ਪਰ ਪ੍ਰਮੇਸ਼ਰ ਪੈਦਾ ਤਾਂ ਜਰੂਰ ਕਰਦਾ ਹੈ। ਇਕ ਸਾਧਨ ਬਣਾ ਕੇ ਕਰਦਾ ਏ, ਉਸ ਸਾਧਨ ਤੋਂ ਤੁਸੀਂ ਮੁਕਰ ਰਹੇ ਹੋ। ਕਿਉਂ ਕਿ ਜਿਸਤਰ੍ਹਾਂ ਉਸ ਦੀ ਸ੍ਰਿਸ਼ਟੀ ਚੱਲਣ ਲਈ ਬਿਧ ਬਣੀ ਹੈ। ਉਸੇ ਤਰ੍ਹਾਂ ਇਹ ਸਾਰਿਆਂ ਨੂੰ ਚਲਾ ਰਿਹਾ ਏ, ਭਗਤ ਕਬੀਰ ਜੀ ਬਿਆਨ ਕਰਦੇ ਹਨ-

**ਜੈਸੇ ਮਾਤ-ਪਿਤਾ ਬਿਨ ਬਾਲ ਨਾ ਹੋਈ॥**
**ਬਿੰਬ ਬਿਨਾ ਕੈਸੇ ਕਪੜੇ ਧੋਈ॥**
**ਘੋਰ ਬਿਨਾ ਕੈਸੇ ਅਸਵਾਰ ॥**

**ਸਾਧੂ ਬਿਨ ਨਾਹੀ ਦਰਬਾਰ॥ (ਅੰਗ ਨੰ:872)**

ਭਾਵ:- ਮਾਤਾ-ਪਿਤਾ ਤੋਂ ਬਗੈਰ ਬਾਲ ਉਤਪੰਨ ਨਹੀਂ ਹੋਵੇਗਾ। ਪਾਣੀ ਤੋਂ ਬਗੈਰ ਕੱਪੜੇ ਨਹੀਂ ਧੋਤੇ ਜਾਣਗੇ। ਘੋੜੇ ਤੋਂ ਬਗੈਰ ਸਵਾਰੀ ਨਹੀਂ ਕੀਤੀ ਜਾ ਸਕਦੀ ਤੇ ਇਕ ਸਾਧੂ ਤੋਂ ਬਿਨਾਂ ਪਰਮਾਤਮਾ ਦਾ ਦਰਬਾਰ ਨਹੀਂ ਮਿਲ ਸਕਦਾ। ਇਹ ਸੁਣ ਕੇ ਪਾਦਰੀ ਨੇ ਅਗਲਾ ਇੱਕ ਸਵਾਲ ਹੋਰ ਕੀਤਾ।

**ਪਾਦਰੀ –** ਯਿਸੂ ਜੀ ਇਸ ਧਰਤੀ ਤੇ ਪ੍ਰਮੇਸ਼ਰ ਦੇ ਅੱਗੇ ਖਾਸ ਪੁੱਤਰ ਬਣ ਕੇ ਆਏ ਕਿ ਉਹਨਾਂ ਵਿਚ ਬਹੁਤ ਜਿਆਦਾ ਸ਼ਕਤੀਆਂ ਸਨ।

**ਦਾਸ –** ਦੱਸੋ ਕਿਹੜੀਆਂ ਸ਼ਕਤੀਆਂ ਸੀ ਉਹ?

**ਪਾਦਰੀ –** ਬਾਈਬਲ ਵਿਚ ਲਿਖਿਆ ਹੈ ਕਿ ਆਹ ਵੇਖੋ ਉਹਨਾਂ ਨੇ ਇਕ ਬੁੱਢੀ ਔਰਤ ਜੋ ਮਰ ਗਈ ਸੀ ਉਸਨੂੰ ਜਿਊਂਦਾ ਕਰ ਦਿੱਤਾ।

**ਦਾਸ –** ਪਾਦਰੀ ਜੀ ਇਸ ਸ਼ਕਤੀ ਨੂੰ ਤੁਸੀਂ ਬਹੁਤ ਵਡਮੁਲੀ ਮੰਨਦੇ ਹੋ।

**ਪਾਦਰੀ –** ਹਾਂ, ਜੀ ਮਰੇ ਨੂੰ ਜਿਊਂਦਾ ਕਰਨਾ ਕੋਈ ਛੋਟੀ ਜਿਹੀ ਗੱਲ ਏ।

**ਦਾਸ –** ਪਾਦਰੀ ਜੀ ਤੁਸੀਂ ਸਿੱਖ ਇਤਿਹਾਸ ਨਹੀਂ ਪੜ੍ਹਿਆਂ...

**ਪਾਦਰੀ –** ਸਿੱਖ ਇਤਿਹਾਸ?

**ਦਾਸ –** ਜੀ ਹਾਂ, ਸਿੱਖ ਇਤਿਹਾਸ ਸਿੱਖਾਂ ਦੀਆਂ ਲਾ-ਮਿਸਾਲ ਦਾਸਤਾਨ ਜਿਨ੍ਹਾਂ ਵਿਚ ਐਹੋ-ਜਿਹੀਆਂ ਰਿਧੀਆਂ-ਸਿਧੀਆਂ ਨੂੰ ਤਾਂ ਗੁਰਸਿੱਖਾਂ ਨੇ ਟਿਚਰਾਂ ਕੀਤੀਆਂ ਹਨ।

**ਪਾਦਰੀ –** ਟਿੱਚਰਾਂ

**ਦਾਸ –** ਹਾਂ ਪਾਦਰੀ ਜੀ ਜੇ ਕਿਤੇ ਥੋੜੀ ਜਿੰਨੀ ਵੀ ਉਹਾਨੂੰ ਇਧਰੋਂ ਫੁਰਸਤ ਮਿਲ ਜਾਵੇ ਤੇ ਸਿਖ ਇਤਿਹਾਸ ਪੜਨਾ। ਨਾਲ ਗੁਰਬਾਣੀ ਦੇ ਦਰਸ਼ਨ ਵੀ ਜਰੂਰ ਕਰਨ ਦੀ ਕੋਸ਼ਿਸ਼ ਕਰਿਉ। ਫਿਰ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਜਿਹੜੀ ਨਿਮੂਣੀ ਜਿਹੀ ਸ਼ਕਤੀ ਦੀ ਤੁਸੀਂ ਗੱਲ ਕਰਦੇ ਹੋ। ਯਿਸੂ ਵਿਚ ਵੀ ਹੋਣੀ ਲਾਜ਼ਮੀ ਹੋਵੇਗੀ। ਉਹ ਤੁਹਾਡੇ ਰਹਿਬਰ ਸੀ। ਕਿਉਂਕਿ ਦੁਨੀਆ ਉਸ ਤਰ੍ਹਾਂ ਮੰਨਦੀ



ਨਹੀਂ ਪਰ ਸਿੱਖ ਇਤਿਹਾਸ ਐਸੀਆਂ ਸ਼ਕਤੀਆਂ ਨਾਲ ਭਰਿਆ ਪਿਆ ਹੈ ਤੇ ਐਸੀਆਂ ਕਰਾਮਾਤਾਂ ਨੂੰ ਕਹਿਰ ਦਾ ਨਾਮ ਦਿੱਤਾ ਹੈ। ਪਰ ਗੁਰੂਆਂ ਕੋਲੋ ਜਾ ਉਹਨਾਂ ਦੇ ਚੇਲਿਆਂ ਕੋਲੋ ਸਹਿਜ ਸੁਭਾਅ ਹੀ ਹੋ ਗਈਆਂ। ਉਹ ਕਰਾਮਾਤਾਂ ਨਹੀਂ ਅਖਵਾਈਆਂ। ਇਹ ਜੋ ਮੋਏ ਸਰੀਰਾਂ ਨੂੰ ਜੀਉਂਦਾ ਕਰਨ ਦੀ ਗੱਲ ਤੁਸਾਂ ਦੱਸੀ ਹੈ । ਐਸੀਆਂ ਸ਼ਕਤੀਆਂ ਗੁਰੂਆਂ ਦੇ ਚੇਲਿਆਂ ਵਿਚ ਬੇਅੰਤ ਸਮੋਈਆਂ ਹੋਈਆਂ ਹਨ।

**ਪਾਦਰੀ –** ਕਿਸੇ ਦਾ ਜਿਕਰ ਕਰੋ।

**ਦਾਸ –** ਠੀਕ ਐ, ਜਰੂਰ ਜੀ, ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੋ ਮੀਰੀ-ਪੀਰੀ ਦੇ ਮਾਲਕ ਸਨ। ਉਹਨਾਂ ਦੇ ਪੁਤਰ ਬਾਬਾ ਅਟੱਲ ਰਾਇ ਜੀ ਹੌਲੀ ਜਿਹੀ ਉਮਰ ਬਚਪਨੇ ਵਿਚ ਹਾਣੀਆਂ ਨਾਲ ਖੇਡ ਰਹੇ ਸੀ। ਇਹਨਾਂ ਦੇ ਹਾਣੀਆਂ ਵਿਚ ਇੱਕ ਦਾ ਨਾਂ ਮੋਹਨ ਸੀ, ਉਸ ਦੇ ਸਿਰ ਵਾਰੀ ਆ ਗਈ। ਸ਼ਾਮਾਂ ਪੈ ਗਈਆਂ ਖੇਡ ਰੁੱਕ ਗਈ, ਅਗਲੀ ਸਵੇਰ ਦੀ ਉਡੀਕ ਲਈ ਸਾਰੇ ਹਾਣੀ ਆਪੋ ਆਪਣੇ ਘਰ ਚਲੇ ਗਏ।

ਅਗਲੇ ਦਿਨ ਦੀ ਸਵੇਰ ਹੋਈ। ਸਾਰੇ ਬਾਲ ਫਿਰ ਇੱਕਠੇ ਹੋਏ। ਬਾਬਾ ਅਟੱਲ ਰਾਇ ਜੀ ਵੀ ਨਾਲ ਸੀ। ਪਰ ਮੋਹਨ ਨਾ ਆਇਆ। ਪਤਾ ਲਗਾ ਕਿ ਸੱਪ ਲੜ ਕੇ ਮਰ ਗਿਆ ਹੈ। ਬਾਬਾ ਅਟੱਲ ਰਾਇ ਸਾਥੀਆਂ ਸਮੇਤ ਉਸਦੇ ਘਰ ਪਹੁੰਚ ਗਏ। ਬਾਬਾ ਜੀ ਕੋਲ ਇੱਕ ਸੋਟੀ ਸੀ ਉਸ ਦੇ ਗਲ ਵਿਚ ਪਾਈ ਤੇ ਕਿਹਾ ਉਠ ਉਤਾਂਹ ਸਾਡੀ ਵਾਰੀ ਦੇ, ਵਾਰੀ ਦੇਣ ਤੋਂ ਬਿਨਾਂ ਹੀ ਮਰ ਚੱਲਿਆ ਏ। ਇਹ ਹੁੰਦੇ ਹੀ ਮੋਹਨ ਜੀ ਉਠ ਪਏ। ਸਾਰੇ ਘਰ ਵਿਚ ਜਿਥੇ ਮਾਤਮ ਛਾਇਆ ਹੋਇਆ ਸੀ, ਖੁਸ਼ੀ ਫੈਲ ਗਈ ਤੇ ਵਧਾਈਆਂ ਮਿਲਣ ਲੱਗ ਗਈਆਂ ਬਾਲ ਜਿਉਂਦਾ ਹੋ ਗਿਆ। ਬਾਬਾ ਜੀ ਦੀ ਕਰਾਮਾਤ ਦੀ ਚਰਚਾ ਹੋਣ ਲੱਗ ਪਈ।

ਫਿਰ ਇਧਰ ਬਾਬਾ ਜੀ ਘਰ ਪਹੁੰਚੇ ਜਿਥੇ ਗੁਰੂ ਹਰਗੋਬਿੰਦ ਸਾਹਿਬ

ਜੀ ਉਹਨਾਂ ਨਾਲ ਪਿਆਰ ਕਰਦੇ ਸੀ। ਅੱਜ ਉਹਨਾਂ ਨਾਲ ਨਾਰਾਜ ਸੀ। ਤੇ ਕਹਿਣ ਲੱਗੇ ਅਕਾਲ ਪੁਰਖ ਦੀ ਬੰਦਗੀ ਕਰਨ ਨਾਲ ਅਸੀਂ ਉਸ ਦਾ ਭਾਣਾ ਮੰਨਣ ਦੀ ਜਾਂਚ ਸਿੱਖਣੀ ਹੈ। ਗੁਰੂ ਨਾਨਕ ਦੇ ਘਰ ਵਿਚ ਕਰਾਮਾਤ ਕਹਿਰ ਦਾ ਨਾਂ ਦਿੱਤਾ ਗਿਆ ਹੈ। ਤੁਸੀਂ ਕਰਾਮਾਤ ਵਿਖਾਈ, ਗਲਤ ਕੀਤਾ। ਇਸੇ ਤਰ੍ਹਾਂ ਹੋਰ ਵੀ ਬਹੁਤ.......

ਪਾਦਰੀ- (ਵਿਚੋਂ ਹੀ) ਪਰ ਗੁਰੂਆਂ ਨੇ ਗ੍ਰਹਿਸਥ ਕੀਤਾ ਏ ਤੇ ਯਿਸੂ ਜੀ ਸਾਰੀ ਉਮਰ ਕੁਆਰੇ ਰਹੇ ਫਿਰ ਉਹ ਐਸੀ ਦੁਨਿਆਦਾਰੀ ਵਿਚ ਨਹੀਂ ਪਾਏ। ਸਦਾ ਬੰਦਗੀ ਵੱਲ ਧਿਆਨ ਨਾ ਦਿੱਤਾ ਤੇ ਬੰਦਗੀ ਦਾ ਰਾਹ ਹੀ ਦੱਸਿਆ।

ਦਾਸ- ਮੁਆਫ ਕਰਨਾ ਪਾਦਰੀ ਜੀ ਕੀ ਤੁਸੀਂ ਇਹ ਸਮਝਦੇ ਹੋ ਕਿ ਗ੍ਰਹਿਸਥ ਨਾ ਕਰਨ ਵਾਲੇ ਹੀ ਪ੍ਰਮੇਸ਼ਰ ਦੀ ਦਰਗਾਹ ਤੇ ਪ੍ਰਵਾਨ ਚੜ੍ਹਦਾ ਹੈ। ਪਾਦਰੀ ਜੀ ਬਿਲਕੁਲ ਸਾਫ ਹੈ ਕਿ ਜੇ ਮੁਕਤੀ ਪਾਉਣੀ ਹੈ ਸੁਚੱਜੀ ਜੁਗਤੀ ਦੀ ਲੋੜ ਹੈ। ਖੁਸਰੇ ਦੀ ਗੱਲ ਕੀਤੀ ਹੈ। ਤੁਸੀਂ ਤਾਂ ਜਾਣਦੇ ਹੋ ਕਿ ਖੁਸਰੇ ਦੇ ਸਰੀਰ ਦੀ ਬਣਤਰ ਦੀ ਐਸੀ ਹੈ ਕਿ ਗ੍ਰਹਿਸਥ ਕਰਨ ਦੇ ਯੋਗ ਨਹੀਂ। ਕੁਦਰਤੀ ਉਸਨੂੰ ਕੁਆਰਾ ਰਹਿਣਾ ਪੈਂਦਾ ਹੈ। ਪਰ ਮੁਕਤੀ ਫਿਰ ਵੀ ਨਹੀਂ ਹੁੰਦੀ। ਫੁਰਮਾਨ ਹੈ:

ਬਿੰਦ ਰਾਖਿ ਜੋ ਤਰੀਐ ਭਾਈ ਖੁਸਰੇ ਕਿਉ ਨ ਪਰਮਗਤਿ ਪਾਈ॥

ਭਾਵ- ਜੇ ਵੀਰਜ ਨੂੰ ਸਾਂਝ ਕੇ ਹੀ ਮੁਕਤੀ ਹੋਣੀ ਹੁੰਦੀ ਹੈ ਤਾਂ ਖੁਸਰੇ ਨੂੰ ਤਾਂ ਵੈਸੇ ਹੀ ਮੁਕਤੀ ਮਿਲ ਜਾਣੀ ਸੀ।

ਇਹ ਸੁਣ ਕੇ ਜੋ ਮੇਰੇ ਨਾਲ ਇਕ ਪਿੰਡ ਦੇ ਸੱਜਣ ਬੈਠੇ ਹੋਏ ਸੀ। ਵੈਸੇ ਤਾਂ ਉਹ ਸਿਆਣਪੁਣ (ਫੂਕ ਫਾਂਡੇ) ਦਾ ਕੰਮ ਵੀ ਕਰਦੇ ਸੀ। ਉਪਰੋਂ ਮੇਰੇ ਨਾਲੋਂ ਵਡੇਰੀ ਉਮਰ ਦੇ ਵੀ ਸਨ। ਮੇਰੇ ਲੱਕ ਵਿਚ ਜੋਰ ਦੀ ਧੱਫਾ ਮਾਰਿਆਂ ਤੇ ਮਜ਼ਾਕ ਜਿਹੇ ਨਾਲ ਕਹਿਣ ਲੱਗੇ "ਬਸ ਕਰਜਾ ਹੁਣ ਇਹਨਾਂ ਨੂੰ ਅੰਮ੍ਰਿਤ ਛਕਾਉਣਾ ਹੈ"।

ਦਾਸ- ਅੰਮ੍ਰਿਤ ਤਾਂ ਬਾਬਾ ਜੀ ਨਹੀਂ ਪਰ ਸੱਚ ਦੱਸਣਾ ਵੀ ਤਾਂ ਸਾਡਾ ਫਰਜ਼ ਹੈ। ਇਹ ਸੁਣ ਕੇ ਪਾਦਰੀ ਨੇ ਇਕ ਹੋਰ ਸਵਾਲ ਕੀਤਾ।



**ਪਾਦਰੀ –** (ਥੋੜਾ ਉਤਸਕ ਹੋ ਕੇ) ਪਰ ਅਸੀਂ ਕਈ ਵਾਰ ਤੁਹਾਡੇ ਸਿੱਖਾਂ ਨੂੰ ਵੀ ਵੇਖਿਆਂ ਹੈ ਮੜ੍ਹੀਆਂ ਨੂੰ ਵੀ ਮੱਥਾ ਟੇਕਦੇ ਤੇ ਚਿਰਾਗ ਜਗਾਉਂਦੇ ਨੇ।

**ਦਾਸ –** ਹਾਂ, ਪਾਦਰੀ ਜੀ ਵੇਖ ਤਾਂ ਮੈ ਵੀ ਰਿਹਾ ਹਾਂ। ਪਰ ਤੁਸੀਂ ਉਹਨਾਂ ਨੂੰ ਸਿੱਖ ਸਮਝਦੇ ਹੋ।

**ਪਾਦਰੀ –** ਹਾਂ- ਪੱਗਾ ਬੰਨੀਆਂ ਦਾਹੜੀ ਰੱਖੇ ਸਿੱਖ ਈ ਨੇ। ਉਹ ਵੀ ਕਹਿੰਦੇ ਅਸੀਂ ਸਿੱਖ ਹਾਂ।

**ਦਾਸ –** ਉਹ ਸਿੱਖ ਨਹੀਂ ਬਹਿਰੂਪੀਏ ਨੇ।

**ਪਾਦਰੀ –** ਬਹਿਰੂਪੀਏ?

**ਦਾਸ –** ਹਾਂ, ਇਹਨਾਂ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ ਇਹ ਸਾਰਿਆਂ ਮੱਤਾਂ ਦਾ ਸੁਆਦ ਚੱਖਦੇ ਫਿਰਦੇ ਨੇ।

**ਗੰਗਾ ਗਏ ਗੰਗਾ ਰਾਮ**

**ਜਮਨਾ ਗਏ ਜਮਨਾ ਰਾਮ**

ਇਹੋ ਜਿਹੇ ਲੋਕਾਂ ਨੂੰ ਸਤਿਗੁਰਾਂ ਦੀ ਬਖਸ਼ਿਸ਼ ਨਹੀਂ ਮਿਲਦੀ ਸਤਿਗੁਰੂ ਨੇ ਸਿੱਖੀ ਦੀ ਪਰਿਭਾਸ਼ਾ ਦਿੱਤੀ ਹੈ।

**ਸਿੱਖੀ ਸਿਖਿਆ ਗੁਰ ਵੀਚਾਰਿ॥**

ਭਾਵ- ਜੋ ਗੁਰਬਾਣੀ ਚੋ ਸਿੱਖਿਆਂ ਲੈ ਕੇ ਉਸ ਮੁਤਾਬਕ ਜੀਵਣ ਢਾਲਦੇ ਨੇ ਉਹ ਸਿੱਖ ਨੇ।

**ਪਾਦਰੀ –** ਜਿਹੜੇ ਨਹੀਂ ਢਾਲਦੇ?

**ਦਾਸ –** ਉਹਨਾਂ ਲਈ ਖੁਆਰੀ ਤੋਂ ਸਿਵਾ ਹੋਰ ਕੁਝ ਵੀ ਨਹੀਂ ਤੇ ਖੁਆਰੀ ਵਿਚ ਹੀ ਮਰ ਜਾਂਦੇ ਨੇ। ਉਹਨਾਂ ਲਈ ਬਹੁਤ ਕਰੜਾ ਫੁਰਮਾਣ ਸਤਿਗੁਰਾਂ ਵਰਤਿਆਂ ਹੈ:-

**ਖਸਮੁ ਛੋਡਿ ਦੂਜੇ ਲਗੇ ਡੂਬੇ ਸੇ ਵਣਜਾਰਿਆ ॥**

ਆਪਣੇ ਗੁਰੂ ਮਾਲਕ ਨੂੰ ਛੱਡ ਕੇ ਥਾਂ-ਥਾਂ ਕੱਚੇ ਪਿੱਲਿਆਂ ਅਖੌਤੀ

ਗੁਰੂਆਂ ਦੇ ਲੜ ਲੱਗਣ ਵਾਲੇ ਡੁਬ ਜਾਂਦੇ ਨੇ।

ਇਹ ਸਭ ਸੁਣ ਕੇ ਦੋਵੇਂ ਪਾਦਰੀ ਭਾਵੁਕ ਜਿਹੇ ਹੋ ਕੇ ਕਹਿਣ ਲੱਗੇ, "ਭਾਜੀ, ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ। ਆਪਾਂ ਤੇ ਪ੍ਰੇਮ ਨਾਲ ਰਹਿਣਾ ਏ।" ਦੋਵਾਂ ਨੇ ਹੱਥ ਮਿਲਾਏ ਤੇ "ਸਤਿ ਸ੍ਰੀ ਅਕਾਲ" ਬੁਲਾ ਕੇ ਉਠ ਕੇ ਚਲੇ ਗਏ।

ਇੰਨੀ ਵਾਰਤਾਲਾਪ ਤੋਂ ਇਹ ਸਿਧ ਹੋ ਗਿਆ ਕਿ ਇਹਨਾਂ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਗੁਰਬਾਣੀ ਵਿਚ ਬਹੁਤ ਕੁਝ ਹੈ, ਸਿੱਖਾਂ ਦਾ ਇਤਿਹਾਸ ਵੀ ਲਾ-ਮਿਸਾਲ ਹੈ। ਪਰ ਹੈਰਾਨੀ ਵਾਲੀ ਗੱਲ ਹੈ ਕਿ ਇਤਿਹਾਸ ਸਾਡਾ ਬਹੁਤ ਗੌਰਵਮਈ ਹੈ। ਗੁਰਬਾਣੀ ਵਿਚ ਵੀ ਸਤਿਗੁਰਾਂ ਨੇ ਬਹੁਤ ਬਖਸ਼ਿਸ਼ਾਂ ਕੀਤੀਆਂ ਹਨ। ਜੋ ਬੇ-ਮਿਸਾਲ ਹਨ। ਬਾਕੀ ਧਰਮਾਂ ਦੇ ਪੈਰੋਕਾਰ ਜਾਂ ਉਤਰਾਧਿਕਾਰੀ ਸਾਨੂੰ ਆਪਣੇ ਵੱਲੋਂ ਇਸ ਯੁਗ ਵਿਚ ਨਵੀਂ ਵਿਚਾਰਧਾਰਾ ਪਰ ਗੁਰਬਾਣੀ ਪੜ੍ਹਿਆਂ ਪਤਾ ਲੱਗਦਾ ਹੈ ਕਿ ਇਸ ਸਚਾਈਆਂ ਤਾਂ ਸਤਿਗੁਰਾਂ ਨੇ ਸੈਂਕੜੇ ਸਾਲ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਆਨ ਕਰ ਦਿੱਤੀਆਂ। ਹੁਣ ਵੀ ਕੋਈ ਨਵੀਂ ਵਿਚਾਰਧਾਰਾ ਜਾਂ ਆਪਣੇ ਆਪ ਨੂੰ ਰਹਿਬਰ ਅਖਵਾਉਣ ਵਾਲੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਆੜ ਜਰੂਰ ਲੈਣੀ ਪੈ ਰਹੀ ਹੈ। ਭਾਵੇਂ ਕਿ ਸੇਵਕ ਉਹ ਸਾਰਿਆਂ ਨੂੰ ਆਪਣੇ ਹੀ ਬਣਾ ਰਿਹਾ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਆੜ ਉਹ ਆਪਣੇ ਮਤਲਬ ਲਈ ਲੈ ਰਿਹਾ ਹੈ।

ਇਹ ਸਭ ਕੁਝ ਵਾਪਰਨ ਦਾ ਕਾਰਨ ਸਾਡਾ ਅਵੇਸਲਾਪਨ ਹੈ। ਅਗਰ ਅਸੀਂ ਅਵੇਸਲੇਪਨ ਤੋਂ ਜਾਗ ਜਾਈਏ। ਆਪ ਗੁਰਬਾਣੀ ਪੜੀਏ, ਪੜ੍ਹੀਏ ਹੀ ਨਹੀਂ ਸਗੋਂ ਵਿਚਾਰੀਏ, ਜਦੋਂ ਵਿਚਾਰ ਸ਼ੁਰੂ ਹੋ ਜਾਵੇਗੀ ਤਾਂ ਗੁਰੂ ਨਾਨਕ ਸਾਹਿਬ ਸਾਡੇ ਵਿਚ ਖੁਦ ਬੋਲਣਗੇ।

ਜਦੋਂ ਗੁਰਸਿਖ ਗੁਰਬਾਣੀ ਪੜ੍ਹਦਾ ਹੈ, ਸੁਣਦਾ ਹੈ, ਵਿਚਾਰਦਾ ਹੈ, ਸਮਝਦਾ ਹੈ, ਆਪਣੇ ਜੀਵਣ ਵਿਚ ਗੁਰਬਾਣੀ ਕਮਾਉਂਦਾ ਹੈ, ਮਹਿਸੂਸ ਕਰਦਾ



ਹੈ। ਫਿਰ ਗੁਰਬਾਣੀ ਆਨੰਦ ਮਾਣਨ ਦੀ ਅਵਸਥਾ ਵਿਚ ਆ ਜਾਂਦੀ ਹੈ। ਫਿਰ ਗੁਰਬਾਣੀ ਰੂਪ ਬਣਨਾ ਵੀ ਸ਼ੁਰੂ ਹੋ ਜਾਂਦਾ ਹੈ। ਭਾਵ ਖੁਦ ਗੁਰੂ ਪਾਤਸ਼ਾਹ ਰਸਨਾ ਤੇ ਆ ਕੇ ਗੁਰਬਾਣੀ ਮੁਖ ਵਿਚੋਂ ਕਢਵਾਉਂਦੇ ਨੇ ਜਦੋਂ ਇਸ ਤਰ੍ਹਾਂ ਦੀਆਂ ਅਵਸਥਾਵਾਂ ਗੁਰਾਂ ਦੇ ਸਿੱਖਾਂ ਦੀਆਂ ਬਣਨ ਲੱਗ ਪਈਆਂ ਤਾਂ ਆਪਣੇ ਆਪ ਹੀ ਝੂਠ ਤੇ ਆਡੰਬਰ ਖਤਮ ਹੋਣੇ ਸ਼ੁਰੂ ਹੋ ਜਾਣਗੇ।

# ਗੁਰਦਾਸਪੁਰ ਦੇ ਪਿੰਡਾਂ ਵਿਚ ਈਸਾਈਆਂ ਦਾ ਪ੍ਰਚਾਰ

ਪਿੰਡ ਵਿਚ ਕੋਈ ਵੀ ਬੀਮਾਰ ਹੋਵੇ ਤਾਂ ਪਤਾ ਨਹੀਂ ਕਿਥੋਂ ਪਾਦਰੀਆਂ ਨੂੰ ਪਤਾ ਲੱਗ ਜਾਂਦਾ ਹੈ ਅਤੇ ਉਸ ਦੇ ਘਰ ਵਿਚ ਜਾ ਕੇ ਉਸ ਲਈ ਦੁਆ ਕਰਦੇ ਹਨ। ਜਿਹੜਾ ਠੀਕ ਹੋ ਜਾਂਦਾ ਹੈ, ਉਹ ਉਨ੍ਹਾਂ ਨਾਲ ਰਲ ਜਾਂਦਾ ਹੈ। ਭਾਵੇਂ ਬਹੁਤੇ ਲੋਕ ਇਨ੍ਹਾਂ ਨਾਲ ਨਹੀਂ ਜੁੜੇ ਪਰ ਮੇਰੇ ਵੇਖਦਿਆਂ-ਵੇਖਦਿਆਂ ਕੁਝ ਲੋਕ ਈਸਾਈ ਬਣ ਗਏ ਹਨ।... ਈਸਾਈ ਸਿੱਖਾਂ ਨੂੰ ਕੇਸ ਕਤਲ ਕਰਾਉਣ ਲਈ ਨਹੀਂ ਕਹਿੰਦੇ, ਸਗੋਂ ਕੇਸਾਂ ਸਮੇਤ ਹੀ ਉਨ੍ਹਾਂ ਨੂੰ ਈਸਾਈ ਬਣਨ ਦੀ ਪ੍ਰੇਰਨਾ ਕਰਦੇ ਹਨ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਸਿੱਖਾਂ ਅੰਦਰ ਈਸਾਈਆਂ ਅਤੇ ਹੋਰ ਸੰਪਰਦਾਵਾਂ ਦੇ ਅਸਰ ਬਾਰੇ ਤੁਰੰਤ ਇਕ ਸਰਵੇਖਣ ਕਰਵਾਏ।

ਸਿੱਖ ਸੰਸਥਾਵਾਂ ਤੇ ਪ੍ਰਚਾਰਕਾਂ ਵਲੋਂ ਸਿੱਖੀ ਦੇ ਪ੍ਰਚਾਰ ਲਈ ਬੜਾ ਕੁਝ ਕੀਤਾ ਜਾ ਰਿਹਾ ਹੈ, ਪਰ ਇਸ ਦੇ ਲਾਭਦਾਇਕ ਸਿੱਟੇ ਕਿਉਂ ਨਹੀਂ ਦਿਸਦੇ? ਗੁਰਦਾਸਪੁਰ ਦੇ ਆਲੇ-ਦੁਆਲੇ ਦੇ ਪਿੰਡਾਂ ਦਾ ਇਕ ਸਰਵੇਖਣ ਕਰਦਿਆਂ ਇਸ ਦੀ ਸਮਝ ਪਈ। ਸਾਡਾ ਧਿਆਨ ਜਿਥੇ ਆਪਣੇ ਸਿੱਖਾਂ ਨੂੰ ਹੀ ਸਿੱਖੀ ਵਿਚ ਸਾਂਭੀ ਰੱਖਣ ਵੱਲ ਹੈ, ਉਥੇ ਈਸਾਈਆਂ ਦਾ ਜ਼ੋਰ ਹੋਰਨਾਂ ਨੂੰ ਈਸਾਈ ਬਣਾਉਣ ਵੱਲ ਲੱਗਾ ਹੋਇਆ ਹੈ।

ਕਰੀਬ 10 ਸਾਲ ਪਹਿਲਾਂ ਇਕ ਪੰਥਕ ਜਥੇਬੰਦੀ ਦਾ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ਯੂਨਿਟ ਸਥਾਪਿਤ ਕਰਨ ਲਈ ਮੈਨੂੰ ਗੁਰਦਾਸਪੁਰ ਜਾਣ ਦਾ ਮੌਕਾ ਮਿਲਿਆ। ਗੁਰਦਾਸਪੁਰ, ਪੰਜਾਬ ਤੇ ਪਾਕਿਸਤਾਨ ਦੇ ਨਾਲ ਲਗਦੇ ਬਾਰਡਰ ਦਾ ਉਹ ਜ਼ਿਲ੍ਹਾ ਹੈ, ਜੋ ਕਿਸੇ ਵੇਲੇ ਖਾੜਕੂਆਂ ਦਾ ਗੜ੍ਹ ਰਿਹਾ



ਹੈ। ਹਿੰਦੁਸਤਾਨ ਦੇ ਲੋਕ ਪੰਜਾਬ ਆਉਣ ਤੋਂ ਡਰਦੇ ਸਨ ਅਤੇ ਪੰਜਾਬ ਦੇ ਲੋਕਾਂ ਲਈ ਗੁਰਦਾਸਪੁਰ ਜਾਣਾ ਹੈਰਾਨੀ ਦੀ ਗੱਲ ਕਹੀ ਜਾਂਦੀ ਸੀ।

ਗੁਰਦਾਸਪੁਰ ਵੱਲ 1987 ਦੇ ਮੇਰੇ ਇਸ ਪਹਿਲੇ ਦੌਰੇ ਦੌਰਾਨ ਹੋਰ ਗੱਲਾਂ ਤੋਂ ਇਲਾਵਾ ਇਹ ਗੱਲ ਪਤਾ ਲੱਗੀ ਕਿ ਗੁਰਦਾਸਪੁਰ ਦੇ ਬਾਰਡਰ ਦੇ ਪਿੰਡ ਵਿਚ ਜੇਕਰ ਕਿਸੇ ਵੀ ਪਿੰਡ ਦੀ ਪੰਚਾਇਤ ਦੀ ਚੋਣ ਹੋਣੀ ਹੋਵੇ ਤਾਂ ਨਿਰਣਾਇਕ ਵੋਟ ਈਸਾਈਆਂ ਦੀ ਹੀ ਹੁੰਦੀ, ਭਾਵ ਜਿਸ ਪਾਸੇ ਵੱਲ ਈਸਾਈਆਂ ਦੀ ਵੋਟ ਜਾਵੇ, ਉਹ ਬੰਦਾ ਜਾਂ ਉਮੀਦਵਾਰ ਪਿੰਡ ਦਾ ਸਰਪੰਚ ਬਣ ਜਾਏਗਾ।

ਇਹ ਗੱਲ ਬੜੀ ਹੈਰਾਨੀਜਨਕ ਲੱਗੀ ਕਿ ਖਾੜਕੂਵਾਦ ਦਾ ਗੜ੍ਹ ਕਹੇ ਜਾਂਦੇ ਇਸ ਜ਼ਿਲ੍ਹੇ ਵਿਚ ਈਸਾਈ ਕਿਵੇਂ ਆਪਣਾ ਕਾਰਜ ਚੁੱਪ-ਚੁਪੀਤੇ ਕਰਦੇ ਜਾ ਰਹੇ ਹਨ। ਇਸ ਘਟਨਾ ਦਾ ਜ਼ਿਕਰ 4-5 ਵਾਰ ਸਟੇਜਾਂ ਤੇ ਕਰਨ ਤੋਂ ਇਲਾਵਾ ਮੈਂ ਇਸ ਬਾਰੇ ਹੋਰ ਕੁਝ ਨਾ ਕਰ ਸਕਿਆ। ਬਹੁਤ ਲੋਕਾਂ ਨੇ ਵੀ ਇਹ ਹੀ ਕਿਹਾ ਕਿ ਈਸਾਈ ਤਾਂ ਬਹੁਤ ਚਿਰ ਪਹਿਲਾਂ ਤੋਂ ਬਟਾਲੇ ਵਿਖੇ ਆਪਣਾ ਕੇਂਦਰ ਬਣਾ ਕੇ ਇੱਥੇ ਰਹਿ ਰਹੇ ਹਨ ਅਤੇ ਅੰਗ੍ਰੇਜ਼ਾਂ ਦੇ ਵੇਲੇ ਤੋਂ ਹੀ ਇਥੇ ਕਈ ਪਿੰਡਾਂ ਵਿਚ ਗਿਰਜੇ ਹਨ ਅਤੇ ਨਾਮਾਤਰ ਲੋਕ ਈਸਾਈ ਹਨ, ਇਹ ਕੋਈ ਨਵੀਂ ਗੱਲ ਨਹੀਂ, ਜੋ ਤੁਸੀਂ ਵੇਖੀ ਹੈ।

ਲੋਕਾਂ ਦੀਆਂ ਅਜਿਹੀਆਂ ਗੱਲਾਂ ਤੋਂ ਮੈਨੂੰ ਵੀ ਅਜਿਹਾ ਲੱਗਾ ਕਿ ਇਹ ਕੋਈ ਬਹੁਤ ਵੱਡੀ ਗੱਲ ਨਹੀਂ। ਸਮੇਂ-ਸਮੇਂ ਤੇ ਗੁਰਦਾਸਪੁਰ ਤੋਂ ਇਨ੍ਹਾਂ ਬਾਰੇ ਗੱਲਾਂ ਹੁੰਦੀਆਂ ਰਹੀਆਂ, ਪਰ ਜਨਵਰੀ, 1997 ਵਿਚ ਮੈਨੂੰ ਗੁਰਦਾਸਪੁਰ ਦੇ ਪਿੰਡਾਂ ਵਿਚ ਦੁਬਾਰਾ ਜਾਣ ਦਾ ਮੌਕਾ ਮਿਲਿਆ, ਤਾਂ ਜੋ ਤੱਥ ਸਾਹਮਣੇ ਆਏ ਉਹ ਹੂ-ਬ-ਹੂ ਪਾਠਕਾਂ ਦੇ ਸਾਹਮਣੇ ਰੱਖ ਰਿਹਾ ਹਾਂ :

ਅਸੀਂ ਰਾਤ 9.30 ਵਜੇ ਗੁਰਦਾਸਪੁਰ ਪੁੱਜੇ। ਇਥੇ ਕਿਸੇ ਸੱਜਣ ਪਾਸੋਂ ਸਕੂਟਰ ਲੈ ਕੇ ਅਸੀਂ ਪਿੰਡ ਭੈਣੀ ਮੀਆਂ ਖਾਂ ਜਾਣਾ ਸੀ। ਰਾਤ ਦੇ 9.30 ਵਜੇ ਗੁਰਦਾਸਪੁਰ ਦੇ ਬੱਸ ਸਟੈਂਡ ਦੇ ਕੋਲ ਲਾਊਡ ਸਪੀਕਰ ਤੇ ਜਗਰਾਤੇ ਵਰਗੀਆਂ

ਆਵਾਜ਼ਾਂ ਆ ਰਹੀਆਂ ਸਨ। ਮੈਂ ਇਥੋਂ ਦੇ ਇਕ ਸਥਾਨਕ ਵੀਰ ਨੂੰ ਪੁੱਛਿਆ, ''ਕੀ ਇਹ ਜਗਰਾਤਾ ਹੋ ਰਿਹੈ?''

''ਨਹੀਂ ਜੀ, ਇਹ ਤਾਂ ਈਸਾਈਆਂ ਦੇ ਗਿਰਜੇ ਵਿਚ ਸਮਾਗਮ ਚੱਲ ਰਿਹਾ ਹੈ।''

''ਇਹ ਸਮਾਗਮ ਕਦੋਂ ਹੁੰਦਾ ਹੈ?'' ਮੈਂ ਪੁੱਛਿਆ। ''ਹਫ਼ਤੇ, ਦਸਾਂ ਦਿਨਾਂ ਬਾਅਦ ਇਹ ਰਾਤ 10-11 ਵਜੇ ਤੱਕ ਜਾਂ ਇਸ ਤੋਂ ਵੀ ਵੱਧ ਸਮਾਂ ਆਪਣਾ ਸਮਾਗਮ ਕਰਦੇ ਹਨ।''

ਦਿੱਲੀ, ਲੁਧਿਆਣਾ, ਅੰਮ੍ਰਿਤਸਰ, ਚੰਡੀਗੜ੍ਹ ਜਾਂ ਕਿਸੇ ਹੋਰ ਥਾਂ ਤੇ ਰਹਿੰਦਿਆਂ ਅੱਜ ਤੱਕ ਗਿਰਜੇ ਦੀ ਆਵਾਜ਼ਲਾਊਡ ਸਪੀਕਰ ਤੇ ਨਹੀਂ ਸੁਣੀ ਸੀ, ਪਰ ਗੁਰਦਾਸਪੁਰ ਵਿਖੇ ਆ ਕੇ ਪਹਿਲੀ ਵਾਰ ਮੈਨੂੰ ਇਨ੍ਹਾਂ ਦੀਆਂ ਆਵਾਜ਼ਾਂ ਸੁਣਨ ਨੂੰ ਮਿਲੀਆਂ।

ਰਾਤ ਦੇਰ ਹੋ ਰਹੀ ਸੀ ਅਤੇ ਅਸੀਂ ਸਕੂਟਰ ਤੇ ਪਿੰਡ ਵੱਲ ਚੱਲ ਪਏ। ਸਵੇਰੇ ਜਦੋਂ ਲਗਭਗ 4.30 ਵਜੇ ਅਸੀਂ ਉਠੇ ਤਾਂ ਪਿੰਡ ਦੇ 2-3 ਗੁਰਦੁਆਰਿਆਂ ਦੀਆਂ ਆਵਾਜ਼ਾਂ ਵਰਗੀਆਂ ਆਵਾਜ਼ਾਂ ਸੁਣਨ ਨੂੰ ਮਿਲੀਆਂ। ਪੁੱਛਣ ਤੇ ਪਤਾ ਲੱਗਾ ਕਿ ਗਿਰਜੇ ਵਿਚੋਂ ਆ ਰਹੀਆਂ ਹਨ ਅਤੇ ਇੱਥੇ ਕੋਈ ਸਮਾਗਮ ਚੱਲ ਜਿਹਾ ਹੈ ਜਾਂ ਕੈਸਟ ਲਗਾਈ ਹੋਈ ਹੈ।

ਮਨ ਬਣ ਗਿਆ ਕਿ ਭਾਵੇਂ ਮੈਂ ਆਪਣੇ ਜਾਤੀ ਕੰਮ ਲਈ ਇਥੇ ਆਇਆ ਹਾਂ, ਪਰ ਗਿਰਜਿਆਂ ਤੇ ਈਸਾਈਆਂ ਬਾਰੇ ਇਕ ਸਰਵੇ ਜ਼ਰੂਰ ਕਰਨਾ ਹੈ ਅਤੇ ਇਥੋਂ ਦੇ ਆਮ ਲੋਕਾਂ ਤੋਂ ਇਸ ਬਾਰੇ ਜ਼ਰੂਰ ਪੁੱਛਣਾ ਹੈ। ਸੋ ਸਾਰਾ ਦਿਨ ਮੈਨੂੰ ਜੋ ਵੀ ਮਿਲਿਆ, ਉਸ ਨਾਲ ਇਸ ਬਾਰੇ ਗੱਲਾਂ ਕੀਤੀਆਂ। ਕੁਝ ਤੱਥ ਇਉਂ ਹਨ :

ਸ੍ਰ: ਹਜ਼ਾਰਾ ਸਿੰਘ, ਪਿੰਡ-ਮੇਹੜੇ ਨੇ ਦੱਸਿਆ ਕਿ ਸਾਡੇ ਪਿੰਡ ਵਿਚ ਸਮੇਂ-ਸਮੇਂ ਤੇ ਈਸਾਈ, ਪਾਦਰੀ ਅਤੇ ਪ੍ਰਚਾਰਕ ਬੜੇ ਸੋਹਣ-ਸੋਹਣੇ ਕੱਪੜੇ ਪਾ ਕੇ ਆਉਂਦੇ ਹਨ, ਕਈ ਬੜਾ ਅੱਛਾ ਪ੍ਰਚਾਰ ਕਰਦੇ ਹਨ, ਪਰ ਕਈ ਕੇਵਲ ਗੇੜਾ



ਲਗਾ ਕੇ ਚਲੇ ਜਾਂਦੇ ਹਨ।

ਇਸੇ ਹੀ ਪਿੰਡ ਦੀ ਬੀਬੀ ਜਸਵਿੰਦਰ ਕੌਰ ਨੇ ਦੱਸਿਆ ਕਿ ਪਿਛਲੇ ਮਹੀਨੇ ਸਾਡੇ ਘਰ 4-5 ਈਸਾਈ ਆਏ ਸੀ ਅਤੇ ਸਾਨੂੰ ਬੜੀਆਂ ਸੋਹਣੀਆਂ-ਸੋਹਣੀਆਂ ਕਿਤਾਬਾਂ ਮੁਫ਼ਤੋ-ਮੁਫ਼ਤ ਦੇ ਗਏ ਸਨ। ਕਹਿੰਦੇ ਜ਼ਰੂਰ ਪੜ੍ਹਿਉ, ਯਿਸੂਤੁਹਾਡੀ ਮਦਦ ਕਰੇਗਾ। ਹਰ ਨਵੇਂ ਸਾਲ ਸਾਡੇ ਪਿੰਡ ਫਰੂਟ ਵੰਡਣ ਲਈ ਇਕ ਬੁੱਢੀ ਵੀ ਆਉਂਦੀ ਹੈ ਅਤੇ ਉਹ ਵੀ ਯਿਸੂਦੇ ਨਾਂ ਤੇ ਫਰੂਟ ਦੇ ਜਾਂਦੀ ਹੈ।

ਸ੍ਰ: ਅਜੈਬ ਸਿੰਘ ਨੇ ਦੱਸਿਆ ਕਿ 4 ਸਾਲ ਪਹਿਲਾਂ ਸਾਡੇ ਪਿੰਡ ਇਕ ਈਸਾਈ ਆਉਂਦਾ ਹੁੰਦਾ ਸੀ ਅਤੇ ਉਹ ਪਿੰਡ ਦੇ ਬਾਣੀਏ ਦੀ ਹੱਟੀ ਦੇ ਕੋਲ ਬੈਠਦਾ ਸੀ ਅਤੇ ਇੱਥੋਂ ਸਮਾਨ ਲੈਣ ਆਏ ਲੋਕਾਂ ਨੂੰ ਈਸਾਈਅਤ ਬਾਰੇ ਦੱਸਦਾ ਸੀ। ਕਈ ਨੌਜਵਾਨ ਤਾਂ ਉਸ ਨੂੰ ਕਮਲਾ ਕਹਿੰਦੇ ਸਨ। ਉਸ ਦਾ ਮਜ਼ਾਕ ਉਡਾਂਉਦੇ ਸਨ, ਪਰ ਕਈ ਲੋਕ ਇੱਥੇ ਬੈਠ ਕੇ ਉਸ ਦੀਆਂ ਗੱਲਾਂ ਸੁਣਦੇ ਸਨ। ਉਹ ਸਾਡੇ ਪਿੰਡ ਤੋਂ ਇਲਾਵਾ ਆਲੇ-ਦੁਆਲੇ ਦੇ 4 ਹੋਰ ਪਿੰਡਾਂ ਵਿਚ ਵੀ ਜਾਂਦਾ ਹੁੰਦਾ ਸੀ।

ਇਕ ਹੋਰ ਸੱਜਣ ਨੇ ਦੱਸਿਆ ਕਿ ਇਕ ਦਿਨ ਗਿਰਜੇ ਵਿਚੋਂ ਲਾਊਡ ਸਪੀਕਰ ਤੇ ਈਸਾਈਆਂ ਦੀ ਚਰਚਾ ਦੀ ਆਵਾਜ਼ਆ ਰਹੀ ਸੀ। ਜਾਪਦਾ ਸੀ ਕਿ ਉਹ ਆਪਸ ਵਿਚ ਗੱਲਾਂ ਕਰ ਰਹੇ ਸਨ ਅਤੇ ਲਾਊਡ ਸਪੀਕਰ ਵੈਸੇ ਹੀ ਚਲਦਾ ਰਹਿ ਗਿਆ ਸੀ। ਮੈਂ ਧਿਆਨ ਨਾਲ ਗੱਲ ਸੁਣਨ ਦੀ ਕੋਸ਼ਿਸ਼ ਕੀਤੀ। ਕੁਝ ਇਸ ਤਰ੍ਹਾਂ ਦੀਆਂ ਅਵਾਜ਼ਾਂ ਮੇਰੇ ਕੰਨਾਂ ਵਿਚ ਪਈਆਂ, ''ਜਦ ਤੱਕ ਪ੍ਰਭਾਤ ਫੇਰੀ ਚਲਦੀ ਹੁੰਦੀ ਹੈ, ਸਿੱਖ ਸ਼ਰਾਬ ਨਹੀਂ ਪੀਂਦੇ, ਪਰ ਅੱਗੇ-ਪਿੱਛੇ ਪੀਂਦੇ ਰਹਿੰਦੇ ਹਨ।'' ਮੈਨੂੰ ਹੋਰ ਗੱਲਾਂ ਯਾਦ ਨਹੀਂ, ਪਰ ਉਨ੍ਹਾਂ ਥੋੜ੍ਹੇ ਚਿਰ ਪਿਛੋਂ ਮਾਈਕ ਬੰਦ ਕਰ ਦਿੱਤਾ ਸੀ। ਇਹ ਲੋਕ ਆਮ ਇਥੇ ਕਹਿੰਦੇ ਰਹਿੰਦੇ ਹਨ ਕਿ ਤੁਸੀਂ ਸਿੱਖ ਵੀ ਸਾਡੇ ਵਾਂਗ ਹੋ, ਅਸੀਂ ਵੀ ਇਕ ਪ੍ਰਮਾਤਮਾ ਨੂੰ ਮੰਨਦੇ ਹਾਂ ਅਤੇ ਤੁਸੀਂ ਵੀ ਇਕ ਪ੍ਰਮਾਤਮਾ ਨੂੰ ਮੰਨਦੇ ਹੋ।

ਪਿੰਡ ਬਹਿਰਾਮਪੁਰ ਦੇ ਸ੍ਰ: ਜਗਦੇਵ ਸਿੰਘ ਨੇ ਦੱਸਿਆ ਕਿ ਹੁਸੈਣਾਂ

(ਗੋਹਾ ਸੁੱਟਣ ਵਾਲੀਆਂ ਕਾਮੀਆਂ) ਘਰ-ਘਰ ਜਾ ਕੇ ਲੋਕਾਂ ਨੂੰ ਗਿਰਜੇ ਵਿਚ ਜਾਣ ਦੀ ਪ੍ਰੇਰਨਾ ਕਰਦੀਆਂ ਹਨ। ਇਕ ਦਿਨ ਉਹ ਮੇਰੀ ਭਰਜਾਈ ਨੂੰ ਵੀ ਗਿਰਜੇ ਲੈ ਗਈਆਂ। ਗਿਰਜੇ ਵਿਚ ਪਾਦਰੀਆਂ ਨੇ ਉਸ ਲਈ ਦੁਆ ਕੀਤੀ ਅਤੇ ਕਿਹਾ ਕਿ ਤੂੰ ਇਕ ਹਫ਼ਤਾ ਕਿਤੇ ਨਹੀਂ ਜਾਣਾ। ਪਿੰਡ ਵਿਚ ਜੇਕਰ ਕੋਈ ਡੰਗਰ ਬਿਮਾਰ ਹੋਵੇ ਤਾਂ ਵੀ ਲੋਕ ਗਿਰਜੇ ਵਿਚ ਜਾਂਦੇ ਹਨ ਅਤੇ ਪਾਦਰੀ ਉਨ੍ਹਾਂ ਨੂੰ ਆਟੇ ਦਾ ਇਕ ਪੇੜਾ ਬਣਾ ਦਿੰਦਾ ਹੈ। ਲੋਕਾਂ ਨੂੰ ਯਕੀਨ ਕਰਵਾਇਆ ਜਾਂਦਾ ਹੈ ਕਿ ਇਸ ਨਾਲ ਡੰਗਰ ਠੀਕ ਹੋ ਜਾਣਗੇ। ਹੁਣ ਤਾਂ ਸਾਡੇ ਪਿੰਡ ਵਿਚੋਂ ਫਸਲ ਵੀ ਗਿਰਜੇ ਨੂੰ ਜਾਣੀ ਸ਼ੁਰੂ ਹੋ ਗਈ ਹੈ। ਪਿਛਲੇ 2-3 ਸਾਲ ਤੋਂ ਤਾਂ ਗੁਰਦੁਆਰੇ ਕਣਕ ਦੇਣ ਦੀ ਥਾਂ ਲੋਕ ਗਿਰਜੇ ਵਿਚ ਕਣਕ ਦੇਣੀ ਸ਼ੁਰੂਕਰ ਚੁੱਕੇ ਹਨ। ਪਹਿਲਾਂ ਸਾਡੇ ਪਿੰਡ ਦੇ ਗਿਰਜੇ ਵਿਚ ਪਾਦਰੀ ਸੀ, ਉਹ ਇਕ ਰਿਟਾਇਰਡ ਫੌਜੀ ਸੀ ਅਤੇ ਇਉਂ ਲੱਗਦਾ ਸੀ, ਜਿਵੇਂ ਉਹ ਬੜਾ ਕੋਈ ਟਰੇਂਡ ਸਾਈਕੈਟਰਿਸਟ (ਮਾਨਸਿਕ ਬਿਮਾਰੀਆਂ ਦਾ ਮਾਹਿਰ) ਹੋਵੇ। ਸਾਡੇ ਪਿੰਡ ਵਿਚ ਪਾਦਰੀਆਂ ਦਾ ਬੜਾ ਜ਼ੋਰ ਹੈ ਅਤੇ ਉਹ ਕੈਸਟਾਂ ਲਗਾ-ਲਗਾ ਕੇ ਬੜਾ ਪ੍ਰਚਾਰ ਕਰਦੇ ਹਨ ਅਤੇ ਪਿੰਡ ਦੇ ਸਰਪੰਚ ਨੂੰ ਵੀ ਈਸਾਈਆਂ ਨਾਲ ਬਣਾ ਕੇ ਰੱਖਣੀ ਪੈਂਦੀ ਹੈ, ਤਾਂ ਹੀ ਉਸ ਨੂੰ ਵੋਟ ਮਿਲਦੇ ਹਨ।

ਪਿੰਡ ਸੁਲਤਾਨਾ ਵਿਚ ਇਕ ਚਰਚ ਹੈ। ਇਥੋਂ ਦੇ ਪਾਦਰੀ ਸਰਕਾਰੀ ਸਕੂਲਾਂ ਵਿਚ ਜਾਂਦੇ ਹਨ ਅਤੇ ਬੱਚਿਆਂ ਨਾਲ ਬੜੇ ਪਿਆਰ ਨਾਲ ਗੱਲਾਂ ਕਰਕੇ ਉਨ੍ਹਾਂ ਨੂੰ ਗਿਰਜੇ ਵਿਚ ਬੁਲਾਉਂਦੇ ਹਨ। ਇਸ ਪਿੰਡ ਦੇ ਸੈਂਟਰ ਦੇ ਪਾਦਰੀ ਆਲੇ-ਦੁਆਲੇ ਦੇ ਪਿੰਡਾਂ ਵਿਚ ਜਾਂਦੇ ਹਨ। ਉਹ ਦੇਰ ਰਾਤ ਤੱਕ ਕੀਰਤਨ ਦਰਬਾਰ ਵਾਂਗ ਸਮਾਗਮ ਕਰਦੇ ਰਹਿੰਦੇ ਹਨ ਅਤੇ ਕਈ ਸਿੱਖ ਮੁੰਡੇ ਵੀ ਇਥੇ ਜਾਂਦੇ ਹਨ। ਭਾਵੇਂ ਪਿੰਡਾਂ ਵਿਚ ਉਨ੍ਹਾਂ ਦਾ ਬਹੁਤਾ ਸਤਿਕਾਰਯੋਗ ਸਥਾਨ ਨਹੀਂ ਹੁੰਦਾ, ਕਿਉਂਕਿ ਇਹ ਆਰਥਿਕ ਤੌਰ ਤੇ ਬੜੇ ਪਛੜੇ ਹੋਏ ਲੋਕ ਹਨ, ਪਰ ਫਿਰ ਵੀ ਲੋਕ ਆਪਣੀਆਂ ਤਕਲੀਫ਼ਾਂ ਦੂਰ ਕਰਨ ਲਈ ਗਿਰਜੇ ਜਾਂਦੇ ਹੀ ਰਹਿੰਦੇ ਹਨ। ਕਈ ਉੱਚੀਆਂ



ਜਾਤੀਆਂ ਦੇ ਲੋਕ ਇਨ੍ਹਾਂ ਨਾਲ ਘ੍ਰਿਣਾ ਵੀ ਕਰਦੇ ਹਨ। ਕਈ ਇਨ੍ਹਾਂ ਨੂੰ 'ਸਾਈ' (ਈਸਾਈ) ਕਰਕੇ ਬੁਲਾਉਂਦੇ ਹਨ। ਬਹੁਤਾ ਗਰੀਬ ਤਬਕਾ ਹੀ ਈਸਾਈ ਬਣਿਆ ਹੋਇਆ ਹੈ।

ਪਿੰਡ ਸਲੋਪੁਰ ਦੇ ਨੌਜਵਾਨ ਸਤਨਾਮ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਵਿਚ ਕੋਈ ਵੀ ਬੀਮਾਰ ਹੋਵੇ ਤਾਂ ਪਤਾ ਨਹੀਂ ਕਿਥੋਂ ਪਾਦਰੀਆਂ ਨੂੰ ਪਤਾ ਲੱਗ ਜਾਂਦਾ ਹੈ ਅਤੇ ਉਸ ਦੇ ਘਰ ਵਿਚ ਆ ਕੇ ਉਸ ਦੀ ਤੰਦਰੁਸਤੀ ਲਈ ਦੁਆ ਕਰਦੇ ਹਨ। ਜਿਹੜਾ ਵੀ ਠੀਕ ਹੋ ਜਾਂਦਾ ਹੈ, ਉਹ ਉਨ੍ਹਾਂ ਨਾਲ ਜੁੜ ਜਾਂਦਾ ਹੈ। ਭਾਵੇਂ ਇਕਦਮ ਬਹੁਤੇ ਲੋਕ ਇਨ੍ਹਾਂ ਨਾਲ ਨਹੀਂ ਜੁੜੇ ਪਰ ਹੌਲੀ-ਹੌਲੀ ਕੁਝ ਪਰਿਵਾਰ ਮੇਰੇ ਦੇਖਦਿਆਂ-ਦੇਖਦਿਆਂ ਈਸਾਈ ਬਣ ਗਏ ਹਨ।

ਗੁਰਦਾਸਪੁਰ ਤੋਂ 3 ਕਿ:ਮੀ: ਦੂਰ ਅਬਲ ਖ਼ੈਰ ਦਾ ਗਿਰਜਾ ਬੜਾ ਮਸ਼ਹੂਰ ਹੈ, ਇਹ ਸੈਣੀਆਂ ਦਾ ਪਿੰਡ ਹੈ ਅਤੇ ਇਥੇ ਵੀ ਸਿੱਖ ਚਰਚ ਵਿਚ ਜਾਣਾ ਸ਼ੁਰੂਹੋ ਗਏ ਹਨ।

ਇਕ ਹੋਰ ਗੱਲ ਕਿ ਈਸਾਈ ਸਿੱਖਾਂ ਨੂੰ ਕੇਸ ਕਤਲ ਕਰਾਉਣ ਲਈ ਨਹੀਂ ਕਹਿੰਦੇ ਸਗੋਂ ਕੇਸਾਂ ਸਮੇਤ ਹੀ ਉਨਾਂ ਨੂੰ ਈਸਾਈ ਬਣਨ ਲਈ ਪ੍ਰੇਰਨਾ ਕਰਦੇ ਹਨ।

ਸਾਡੇ ਜੈਕਾਰੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਵਾਂਗ ਇਹ ਨਾਅਰਾ ਲਾਉਂਦੇ ਹਨ, 'ਹਲੇ ਲੁਹੀਆ, ਹਲੇ ਲੁਹੀਆ।'

ਇਸ ਪਿੰਡ ਦੇ ਗਿਰਜੇ ਦੇ ਨਾਲ ਬਣੇ ਈਸਾਈ ਸਕੂਲ ਦੇ ਪ੍ਰਿੰਸੀਪਲ ਦੇ ਨਾਲ ਮੈਨੂੰ ਗੱਲ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ ਹਾਜ਼ਰ ਹਨ :

''ਤੁਸੀਂ ਇਸ ਪਿੰਡ ਵਿਚ ਕਦੋਂ ਤੋਂ ਹੋ?''

''ਮੈ 1990 ਵਿਚ ਇਥੇ ਆਇਆ ਸੀ।''

''ਪਹਿਲਾਂ ਕਿਥੇ ਸੀ ਅਤੇ ਤੁਸੀਂ ਕਿਥੋਂ ਦੇ ਵਾਸੀ ਹੋ?''

''ਮੈਂ ਅਲਵਰ ਰਾਜਸਥਾਨ ਦਾ ਜੰਮਪਲ ਹਾਂ ਅਤੇ ਬਚਪਨ ਤੋਂ ਹੀ ਈਸਾਈਅਤ ਦੀ ਵਿੱਦਿਆ ਦੇ ਪ੍ਰਚਾਰ ਲਈ ਮੈਂ ਡੀ ਮਿਸ਼ਨ (ਸੈਵਨਥ ਤੋਂ ਮਿਸ਼ਨ) ਨਾਲ ਜੁੜਿਆ ਹੋਇਆ ਹਾਂ। ਇਸ ਤੋਂ ਪਹਿਲਾਂ ਲਖਨਊਵਿਚ ਇਕ ਸਕੂਲ ਵਿਚ ਅਧਿਆਪਕ ਸੀ, ਫਿਰ ਸ਼ਿਮਲੇ ਰਿਹਾ ਅਤੇ ਹੁਣ ਇਸ ਪਿੰਡ ਵਿਚ ਸਕੂਲ ਦਾ ਹੈਡਮਾਸਟਰ ਹਾਂ। 1990 ਵਿਚ ਤਾਂ ਇੱਥੇ ਆਉਣ ਨੂੰ ਡਰ ਲੱਗਦਾ ਸੀ, ਪਰ ਮੈਨੂੰ ਆਪਣੇ ਹੈੱਡ ਆਡਿਸ ਤੋਂ ਇੱਥੇ ਆਉਣ ਦਾ ਹੁਕਮ ਹੋਇਆ ਅਤੇ ਮੈਂ ਇੱਥੇ ਸੇਵਾ ਆਰੰਭ ਕਰ ਦਿੱਤੀ।''

''ਤੁਹਾਡਾ ਹੈੱਡ ਆਫ਼ਿਸ ਕਿਥੇ ਹੈ?''

''ਸਾਡਾ ਅਸਲ ਹੈੱਡ ਕਵਾਟਰ ਤਾਂ ਵਾਸ਼ਿੰਗਟਨ ਵਿਚ ਹੈ, ਪਰ ਹਿੰਦੁਸਤਾਨ ਵਿਚ, ਤਾਮਿਲਨਾਡੂਵਿਚ ਦਫ਼ਤਰ ਹੈ।''

''ਪੰਜਾਬ ਵਿਚ ਦਫ਼ਤਰ ਕਿਥੇ ਹੈ?''

''ਪੰਜਾਬ ਵਿਚ ਸਾਡਾ ਦਫ਼ਤਰ ਜਲੰਧਰ ਵਿਚ ਹੈ।''

''ਤੁਹਾਨੂੰ ਕਿੰਨੀ ਤਨਖਾਹ ਮਿਲਦੀ ਹੈ?''

''ਮੈਨੂੰ 2300/- ਰੁਪਏ ਮਹੀਨਾ ਤਨਖਾਹ ਮਿਲਦੀ ਹੈ?''

''ਕੀ ਇੰਨੇ ਨਾਲ ਤੁਹਾਡਾ ਗੁਜ਼ਾਰਾ ਹੋ ਜਾਂਦਾ ਹੈ?''

''ਨਹੀਂ ਮੇਰੀ ਵਹੁਟੀ ਵੀ ਇਸੇ ਸਕੂਲ ਵਿਚ ਅਧਿਆਪਿਕਾ ਹੈ ਅਤੇ ਉਸ ਨੂੰ 1900/- ਰੁਪਏ ਮਹੀਨਾ ਤਨਖਾਹ ਮਿਲਦੀ ਹੈ।''

''ਤੁਹਾਡੇ ਬੱਚੇ ਕਿੰਨੇ ਹਨ?''

''ਮੇਰੇ ਤਿੰਨ ਲੜਕੇ ਹਨ।''

''ਪਰ 2300 + 1900 = 4200 ਵਿਚ ਵੀ ਅੱਜਕਲ੍ਹ ਘਰ ਚਲਾਉਣਾ ਬੜਾ ਔਖਾ ਹੈ, ਤੁਸੀਂ ਬੱਚਿਆਂ ਦਾ ਕਿਵੇਂ ਕਰਦੇ ਹੋ?''

''ਮੇਰੇ ਦੋ ਬੱਚੇ ਵਿਆਹੇ ਹਨ ਅਤੇ ਤੀਸਰਾ ਪੂਨੇ ਵਿਖੇ ਐਮ.ਬੀ.ਏ. ਕਰ ਰਿਹਾ ਹੈ। ਉਸ ਦੀ ਪੜ੍ਹਾਈ ਦਾ 75% ਖ਼ਰਚ ਸਾਡੇ ਮੁੱਖ ਦਫ਼ਤਰ ਵਲੋਂ ਹੁੰਦਾ ਹੈ।''



**ਸਿੱਟਾ**

ਉਪਰੋਕਤ ਸਾਰੀ ਗੱਲਬਾਤ ਤੋਂ ਹੇਠ ਲਿਖੇ ਸਿੱਟਿਆਂ ਤੇ ਪੁੱਜ ਸਕਦੇ ਹਾਂ :-

1. ਕਿਤੇ-ਕਿਤੇ ਲਗਦਾ ਹੈ ਕਿ ਈਸਾਈ ਬੜੇ ਜ਼ੋਰ ਨਾਲ ਪ੍ਰਚਾਰ ਵੱਲ ਤੁਰੇ ਹਨ, ਪਰ ਕਿਤੇ-ਕਿਤੇ ਲਗਦਾ ਹੈ ਕਿ ਇਹ ਆਮ ਰੁਟੀਨ ਵਾਂਗ ਹੈ ਕਿ ਪਿਛਲੇ 8-10 ਸਾਲਾਂ ਤੋਂ ਇਨ੍ਹਾਂ ਦੇ ਕਾਰਜ ਵਿਚ ਤੇਜ਼ੀ ਆਈ ਹੈ ਅਤੇ ਇਹ ਬੜੇ ਵਿਉਂਤਬੱਧ ਤਰੀਕੇ ਨਾਲ ਕਾਰਜ ਕਰ ਰਹੇ ਹਨ।

2. ਪਿੰਡ ਦੇ ਹਰ ਬੱਚੇ, ਜਵਾਨ ਅਤੇ ਬੁੱਢੇ ਨੂੰ ਤਿੰਨ ਸ਼ਬਦ ਜ਼ਰੂਰ ਪਤਾ ਹਨ - (ੳ) ਗਿਰਜਾ (ਅ) ਸਾਈ (ੲ) ਦੁਆ।

3. ਪਿੰਡਾਂ ਵਿਚ ਵੀ ਲੋਕਾਂ ਵਿਚ ਆਪਣੇ ਬੱਚਿਆਂ ਨੂੰ ਈਸਾਈ ਸਕੂਲਾਂ ਵਿਚ ਦਾਖ਼ਲ ਕਰਵਾਉਣ ਦੀ ਦੌੜ ਆਰੰਭ ਹੋ ਚੁੱਕੀ ਹੈ।

ਅਸੀਂ ਕੀ ਕਰੀਏ ?

ਉਪਰੋਕਤ ਸਾਰਾ ਕੁਝ ਦੇਖ, ਸੁਣ, ਪੜ੍ਹ ਕੇ ਸਾਡੇ ਮਨ ਵਿਚ ਵਿਚਾਰ ਪੈਦਾ ਹੁੰਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ? ਇਸ ਸਬੰਧੀ ਕੁਝ ਸੁਝਾਅ ਇਉਂ ਹਨ :

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਦੇ ਪਿੰਡਾਂ ਵਿਚ ਈਸਾਈਅਤ ਅਤੇ ਵੱਖ-ਵੱਖ ਹੋਰ ਸੰਪਰਦਾਵਾਂ ਆਦਿ ਦਾ ਕੀ ਸਟੇਟਸ ਹੈ, ਦਾ ਇਕ ਸਰਵੇ ਕਰੇ।

2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥ ਦੀਆਂ ਸਾਰੀਆਂ ਛੋਟੀਆਂ ਵੱਡੀਆਂ ਸੰਸਥਾਵਾਂ ਅਤੇ ਪੰਥ ਦਰਦੀ ਹੁਣ ਪਿੰਡਾਂ ਵੱਲ ਮੂੰਹ ਕਰ ਲੈਣ, ਇਹ ਜ਼ਰੂਰੀ ਹੈ। ਸ਼ਹਿਰਾਂ ਵਿਚ ਪਹਿਲਾਂ ਹੀ ਹਰ ਮੁਹੱਲੇ ਵਿਚ 4-4, 5-5 ਵੱਡੀਆਂ ਛੋਟੀਆਂ ਸੰਸਥਾਵਾਂ ਕਾਰਜਸ਼ੀਲ ਹਨ। ਸਾਨੂੰ ਪਿੰਡਾਂ ਵਿਚ ਕਾਰਜ ਕਰਨ ਦੀ ਅਤਿਅੰਤ ਲੋੜ ਹੈ।

3. ਅਸੀਂ ਕਿਸੇ ਧਰਮ ਜਾਂ ਮਜ਼ਹਬ ਵਿਰੁੱਧ ਨਫ਼ਰਤ ਨਹੀਂ ਫੈਲਾਉਣੀ, ਸਗੋਂ ਲੋਕਾਂ ਨੂੰ ਸਿੱਖੀ ਦਾ ਸੁਨੇਹਾ ਦੇਣਾ ਹੈ। ਜੇ ਅਸੀਂ ਠੀਕ ਤਰੀਕੇ ਨਾਲ ਸਿੱਖੀ ਦਾ ਪ੍ਰਚਾਰ ਕਰੀਏ ਤਾਂ ਕੋਈ ਕਾਰਨ ਨਹੀਂ ਕਿ ਸਾਡੇ ਲੋਕ ਸਿੱਖੀ ਵਿਚ ਪ੍ਰਪੱਕ ਨਾ ਹੋਣ, ਸਾਨੂੰ ਕੱਟੜਵਾਦ ਅਤੇ ਉਕਸਾਊਪੁਣਾ ਛੱਡ ਕੇ ਸਹਿਜ ਅਤੇ ਗੁਰਮਤਿ ਮਾਰਗ ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ।

**ਵਿਦੇਸ਼ਾਂ ਦਾ ਹਾਲ**

ਜਿਥੇ ਪੰਜਾਬ ਵਿਚ ਸਾਨੂੰ ਸਿੱਖੀ ਨੂੰ ਢਾਅ ਲੱਗਦੀ ਨਜ਼ਰ ਆ ਰਹੀ ਹੈ, ਉਥੇ ਵਿਦੇਸ਼ਾਂ ਵਿਚ ਈਸਾਈ ਲੋਕ ਸਿੱਖੀ ਦੇ ਪ੍ਰਚਾਰ ਵਿਚ ਲੱਗੇ ਹੋਏ ਹਨ। ਪਿਛੇ ਜਿਹੇ ਹੀ ਤਾਂ ਡਾ: ਗੁਰਬਖਸ਼ ਸਿੰਘ, ਜੋ ਯੂ.ਐਸ.ਏ. ਤੋਂ ਆਏ ਸਨ, ਉਨ੍ਹਾਂ ਨੇ ਦੱਸਿਆ ਕਿ ਈਸਾਈਆਂ ਨੇ ਇਕ ਸੈਮੀਨਾਰ ਕੀਤਾ ਸੀ, ਜਿਸ ਦਾ ਵਿਸ਼ਾ ਸੀ ''ਏ ਲੀਅਨ ਫ਼ੇਥ ਡੈਸਟਰਾਇੰਗ ਕ੍ਰਿਸਚੈਨਟੀ'' ਭਾਵ ਇਕ ਵਿਦੇਸ਼ੀ ਧਰਮ ਜੋ ਈਸਾਈਅਤ ਨੂੰ ਤਬਾਹ ਕਰ ਰਿਹਾ ਹੈ। ਉਸ ਦਾ ਇਸ਼ਾਰਾ ਸਿੱਖ ਧਰਮ ਵੱਲ ਹੈ। ਇਹ ਲੋਕ ਜਾਣ ਚੁੱਕੇ ਹਨ, ਕਿ ਸਿੱਖੀ ਵਰਗੇ ਵਿਗਿਆਨਕ ਧਰਮ ਦੀ ਵਿਚਾਰਧਾਰਾ ਈਸਾਈਅਤ ਕੋਲ ਨਹੀਂ ਹੈ ਅਤੇ ਈਸਾਈ ਨੌਜਵਾਨ ਧੜਾਧੜ ਸਿੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਰਹੇ ਹਨ।

ਗੁਰੂਮੇਹਰ ਕਰੇ, ਪੰਜਾਬ ਦੀ ਧਰਤੀ ਤੇ ਸਿੱਖ ਫ਼ਿਲਾਸਫੀ ਅਤੇ ਸਿੱਖ ਵਿਚਾਰਧਾਰਾ ਦੀ ਆਵਾਜ਼ਬੁਲੰਦ ਹੋਵੇ।



# ਇਕ ਇਸਾਈ ਮਿਸ਼ਨਰੀ ਨਾਲ ਗੱਲਾਂ

ਇਸਾਈ ਮਿਸ਼ਨਰੀਆ ਦੇ ਪ੍ਰਚਾਰ ਦੇ ਹੁੱਬ ਬਾਰੇ ਅਸੀਂ ਆਮ ਸੁਣਦੇ ਹਾਂ, ਪਰ ਪਿਛਲੇ ਦਿਨੀਂ ਲੁਧਿਆਣਾ ਤੋਂ ਹੈਦਰਾਬਾਦ ਜਾਂਦਿਆਂ ਰਾਸਤੇ ਵਿੱਚ ਇਕ ਇਸਾਈ ਮਿਸ਼ਨਰੀ ਨਾਲ ਮੇਲ ਹੋਇਆ। ਗੱਲਬਾਤ ਉਪਰੰਤ ਮੈਨੂੰ ਲੱਗਾ ਕਿ ਅਸੀਂ ਪ੍ਰਚਾਰ ਦੀ ਯੋਜਨਾਬੰਦੀ ਅਤੇ ਪ੍ਰਚਾਰ ਪ੍ਰਤੀ ਆਪਣੀ ਪ੍ਰਤੀਬੱਧਤਾ ਵਿੱਚ ਬਹੁਤ ਪਿੱਛੇ ਹਾਂ।

ਮੈਨੂੰ, ਸਿੱਖ ਫੇਥ ਪੁਸਤਕ ਪੜ੍ਹਦਿਆਂ ਦੇਖ ਕੇ ਉਹ ਇਸਾਈ ਮਿਸ਼ਨਰੀ ਮੇਰੇ ਕੋਲ ਆ ਬੈਠਾ ਅਤੇ ਲੱਗਭਗ ਇੱਕ ਘੰਟਾ ਬੜੀ ਲਗਨ ਤੇ ਉਤਸ਼ਾਹ ਨਾਲ ਬਾਈਬਲ ਚੋਂ ਉਦਾਹਰਣਾਂ ਦੇ ਕੇ ਇਸਾਈਅਤ ਬਾਰੇ ਪ੍ਰਚਾਰ ਕਰਦਾ ਰਿਹਾ। ਉਸ ਦਾ ਜਤਨ ਸੀ ਕਿ ਗੱਡੀ ਵਿੱਚ ਯਾਤਰਾ ਕਰਦੇ ਵੀ ਮੈਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਈਸਾਈਅਤ ਬਾਰੇ ਦੱਸਦਾ ਰਹਾਂ।

ਮੈਂ ਉਸ ਨੂੰ ਸਵਾਲ-ਜਵਾਬ ਕਰਨੇ ਸ਼ੁਰੂ ਕੀਤੇ, ਉਨ੍ਹਾਂ ਦਾ ਸੰਖੇਪ ਵੇਰਵਾ ਇਉਂ ਹੈ:

? ਤੁਹਾਡੀ ਵਿਦਿਅਕ ਯੋਗਤਾ ਕੀ ਹੈ?

ਮੈਂ ਬੀ.ਕਾਮ. ਪਾਸ ਕੀਤੀ ਹੈ ਅਤੇ ਉਸ ਤੋਂ ਬਾਅਦ ਕੰਪਿਊਟਰ ਦਾ ਡਿਪਲੋਮਾ ਵੀ ਪਾਸ ਕਰ ਲਿਆ ਹੈ।

? ਇਸਾਈਅਤ ਦੇ ਪ੍ਰਚਾਰ ਦੀ ਲਗਨ ਕਿਵੇਂ ਲੱਗੀ?

ਮੈਂ ਜਦੋਂ ਬੀ.ਕਾਮ. ਫਾਈਨਲ ਸਾਲ ਵਿੱਚ ਸੀ, ਉਦੋਂ ਇੱਕ ਇਸਾਈ ਮਿਸ਼ਨਰੀ ਨਾਲ ਮੇਰਾ ਮੇਲ ਹੋਇਆ ਅਤੇ ਉਸ ਨੇ ਮੈਨੂੰ ਸਾਊਥ ਕੋਰੀਆ ਵਿੱਚ ਮਿਸ਼ਨਰੀ ਟ੍ਰੇਨਿੰਗ ਲੈਣ ਲਈ ਉਤਸ਼ਾਹਿਤ ਕੀਤਾ। ਮੈਂ ਵਿਦੇਸ਼ ਘੁੰਮਣ ਦੇ ਬਹਾਨੇ

ਸਾਊਥ ਕੋਰੀਆ ਵਿੱਚ ਚਲਾ ਗਿਆ, ਪਰ ਉਥੇ ਦੋ ਸਾਲ ਦੀ ਟ੍ਰੇਨਿੰਗ ਉਪਰੰਤ ਮੈਨੂੰ ਗਿਆਨ ਹੋਇਆ ਕਿ ਸਾਰੇ ਸੰਸਾਰ ਵਿੱਚ ਈਸਾਈਅਤ ਦਾ ਪ੍ਰਚਾਰ ਕਰਨ ਦੀ ਲੋੜ ਹੈ। ਉਸ ਤੋਂ ਬਾਅਦ ਮੈਨੂੰ ਦੋ ਮਹੀਨੇ ਲਈ ਸਿੰਘਾਪੁਰ ਵਿੱਚ ਉਚੇਚੀ ਟ੍ਰੇਨਿੰਗ ਲਈ ਭੇਜਿਆ ਗਿਆ, ਉਦੋਂ ਤੋਂ ਹੁਣ ਤੱਕ ਮੈਂ ਇਸਾਈਅਤ ਦੇ ਪ੍ਰਚਾਰ ਨੂੰ ਆਪਣਾ ਮਿਸ਼ਨ ਬਣਾ ਲਿਆ ਹੈ।

? ਤੁਹਾਡਾ ਪਰਿਵਾਰ...?

ਮੇਰੇ ਤਿੰਨ ਬੱਚੇ ਹਨ ਤੇ ਉਹ ਪੜ੍ਹ ਰਹੇ ਹਨ। ਮੇਰੀ ਪਤਨੀ ਬੇਅਰਿੰਗ ਕਾਲਜ ਵਿੱਚ ਸੀਨੀਅਰ ਲੈਕਚਰਾਰ ਹਨ।

? ਤੁਹਾਡੀ ਤਨਖਾਹ ਕਿੰਨੀ ਹੈ?

ਮੈਨੂੰ 1200/-ਰੁ: ਮਹੀਨਾ ਮਿਲਦਾ ਹੈ।

? ਪਰ ਫਿਰ ਘਰ ਦਾ ਖਰਚ ਕਿਵੇਂ...?

ਸਾਡੇ ਘਰ ਦਾ ਖਰਚ ਮੇਰੀ ਪਤਨੀ ਦੀ ਤਨਖਾਹ ਨਾਲ ਹੀ ਚਲਦਾ ਹੈ। ਉਹ ਮੇਰੇ ਇਸ ਕਾਰਜ ਨਾਲ ਸਹਿਮਤ ਹੈ ਅਤੇ ਸਾਡੇ ਘਰ ਵਿਚੋਂ ਮੈਂ ਈਸਾਈਅਤ ਦੇ ਪ੍ਰਚਾਰ ਲਈ ਪ੍ਰਤੀਬੱਧ ਹਾਂ ਅਤੇ ਉਹ ਘਰ-ਗ੍ਰਹਿਸਤੀ ਸੰਭਾਲ ਰਹੀ ਹੈ।

? ਕੀ ਤੁਹਾਡਾ ਦਿਲ ਸੋਹਣੀ ਕੋਠੀ ਜਾਂ ਕਾਰ ਲੈਣ ਨੂੰ ਨਹੀਂ ਕਰਦਾ, ਮੇਰਾ ਮਤਲਬ ਹੈ ਕਿ ਇਕ ਬੰਦੇ ਦੀ ਤਨਖਾਹ ਨਾਲ ਅੱਜਕੱਲ੍ਹ ਘਰ ਚਲਾਉਣਾ ਤੇ ਬੱਚਿਆਂ ਨੂੰ ਪੜ੍ਹਾਉਣਾ ਬੜੀ ਔਖੀ ਗੱਲ ਹੈ?

ਜਦੋਂ ਇਨਸਾਨ ਕਿਸੇ ਮਿਸ਼ਨ ਲਈ ਤੁਰੇ ਤਾਂ ਉਸ ਨੂੰ ਕੁਝ ਨਾ ਕੁੱਝ ਤਾਂ ਗਵਾਉਣਾ ਹੀ ਪੈਂਦਾ ਹੈ। ਸਾਡਾ ਦਿਲ ਵੀ ਆਮ ਲੋਕਾਂ ਵਾਂਗ ਬਹੁਤਾ ਪੈਸਾ ਇਕੱਠਾ ਕਰਨ ਨੂੰ ਅਤੇ ਚੰਗਾ ਖਾਣ-ਪੀਣ ਨੂੰ ਕਰਦਾ ਹੈ।ਪਰ ਸਾਨੂੰ ਇਸਾਈ ਸਮਾਜ ਵੱਲੋਂ ਜੋ ਮਾਣ-ਸਤਿਕਾਰ ਮਿਲਦਾ ਹੈ ਉਸ ਨਾਲ ਬੜੀ ਤਸੱਲੀ ਹੁੰਦੀ ਹੈ ਕਿ ਸਾਡੇ ਕਾਰਜ ਦੀ ਕਦਰ ਕੀਤੀ ਜਾਂਦੀ ਹੈ। ਮੈਂ ਸ਼ਨੀ-ਐਤਵਾਰ ਬਹੁਤ



ਰੁਝਿਆ ਹੁੰਦਾ ਹਾਂ ਅਤੇ ਸਵੇਰ ਤੋਂ ਲੈ ਕੇ ਰਾਤ ਤੱਕ ਮੈਨੂੰ ਇਸਾਈ ਲੋਕ ਇਕ ਥਾਂ ਤੋਂ ਦੂਜੀ ਥਾਂ ਤੇ ਪ੍ਰਚਾਰ ਲਈ ਬੁਲਾਉਂਦੇ ਰਹਿੰਦੇ ਹਨ ਅਤੇ ਉਹ ਆਪ ਆ ਕੇ ਮੈਨੂੰ ਲੈ ਜਾਂਦੇ ਹਨ। ਸਾਨੂੰ ਚੰਗੀਆਂ ਪੁਸਤਕਾਂ ਅਤੇ ਨਵੀਂ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਸਾਨੂੰ ਆਪਣੇ ਕੇਂਦਰੀ ਦਫਤਰ ਵਲੋਂ ਮਿਲਦੀਆਂ ਰਹਿੰਦੀਆਂ ਹਨ, ਪਰ ਅਸਲ ਕੰਮ ਤਾਂ ਮਨ ਦੀ ਸੰਤੁਸ਼ਟੀ ਅਤੇ ਸੰਤੋਖ ਨਾਲ ਹੀ ਹੈ।

? ਤੁਹਾਡੀ ਦਿਨ ਚਰਿਆ ਕੀ ਹੈ?

ਮੇਰੇ ਕੋਲ ਬਟਾਲੇ ਦੇ ਆਲੇ-ਦੁਆਲੇ ਦੇ ਇਲਾਕੇ ਦੇ 50 ਪਰਿਵਾਰਾਂ ਦਾ ਚਾਰਜ ਹੈ। ਮੇਰੀ ਡਿਊਟੀ ਹੈ ਕਿ ਇਨ੍ਹਾਂ 50 ਪਰਿਵਾਰਾਂ ਨੂੰ ਲਗਾਤਾਰ ਇਸਾਈਅਤ ਨਾਲ ਜੋੜੀ ਰੱਖਾਂ। ਮੇਰਾ ਜਤਨ ਹੁੰਦਾ ਹੈ ਕਿ ਮੈਂ 15 ਦਿਨਾਂ ਵਿੱਚ ਘੱਟੋ-ਘੱਟ ਇੱਕ ਵਾਰ ਇਨ੍ਹਾਂ ਪਰਿਵਾਰਾਂ ਵਿੱਚ ਹੋ ਕੇ ਆਵਾਂ। ਇੰਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਈਸਾ-ਮਸੀਹ ਦੀਆਂ ਸਿੱਖਿਆਵਾਂ ਸੁਣਾਵਾਂ।

ਸਾਡੇ ਸੰਪਰਕ ਵਿੱਚ ਬਟਾਲੇ ਦੇ ਅਨੇਕ ਸਿੱਖ ਪਰਿਵਾਰ ਵੀ ਹਨ। ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਤੁਸੀਂ ਦਾੜੀ-ਕੇਸ ਰੱਖ ਕੇ ਵੀ ਈਸਾ-ਮਸੀਹ ਨਾਲ ਜੁੜ ਸਕਦੇ ਹੋ। ਲੁਧਿਆਣੇ ਵਿੱਚ ਵੀ ਇੱਕ ਸਰਦਾਰ ਸਾਹਿਬ ਹਨ ਜੋ ਕਿ ਰਿਟਾਇਰ ਹੋਏ ਹਨ, ਉਨ੍ਹਾਂ ਦੇ ਸੰਪਰਕ ਵਿੱਚ ਲੱਗਪਗ 30 ਸਿੱਖ ਪਰਿਵਾਰ ਹਨ, ਜਿੰਨ੍ਹਾਂ ਨੇ ਈਸਾ ਮਸੀਹ ਦੀ ਸ਼ਰਨ ਹਾਸਲ ਕੀਤੀ ਹੈ।

ਇਸ ਚਰਚਾ ਦੌਰਾਨ ਉਸ ਇਸਾਈ ਮਿਸ਼ਨਰੀ ਨਾਲ ਅਨੇਕਾਂ ਵਿਚਾਰ ਹੋਏ। ਜਦ ਮੈਂ ਉਸ ਨੂੰ ਸਿੱਖ ਫਿਲਾਸਫੀ ਬਾਰੇ ਦੱਸਿਆ ਤਾਂ ਉਹ ਬੜਾ ਕਾਇਲ ਹੋਇਆ ਪਰ ਨਾਲ ਹੀ ਆਪਣੇ ਮਿਸ਼ਨ ਦੀ ਸਰਵ-ਉਚਤਾ ਜੁਤਾਉਂਦਾ ਰਿਹਾ। ਬਾਈਬਲ ਦੇ ਵਿਗਿਆਨਕ ਯੁੱਗ ਵਿੱਚ ਫੇਲ ਹੋਣ ਬਾਰੇ ਉਸ ਦਾ ਵਿਚਾਰ ਸੀ ਕਿ ਇਹ ਬਾਈਬਲ ਵਿੱਚ ਹੀ ਲਿਖਿਆ ਹੈ ਕਿ ਇੱਕ ਸਮਾਂ ਆਵੇਗਾ ਜਦੋਂ ਸੰਸਾਰ ਬਾਈਬਲ ਦੀਆਂ ਸਿਖਿਆਵਾਂ ਦੇ ਖਿਲਾਫ ਹੋ ਜਾਵੇਗਾ ਅਤੇ ਉਸ ਵੇਲੇ

ਈਸਾ-ਮਸੀਹ ਦੁਬਾਰਾ ਇਸ ਸੰਸਾਰ ਤੇ ਆਉਣਗੇ। ਉਸ ਦਾ ਕਹਿਣਾ ਸੀ ਕਿ ਉਹ ਸਮਾਂ ਜਲਦੀ ਹੀ ਆ ਰਿਹਾ ਹੈ ਜਦੋਂ ਪ੍ਰਭੂ ਯਿਸੂ ਫਿਰ ਸੰਸਾਰ ਵਿੱਚ ਆਉਣਗੇ।

ਉਸ ਦੀਆਂ ਇਹ ਗੱਲਾਂ ਸੁਣ ਕੇ ਮਨ ਮੁਸਕਰਾਉਂਦਾ ਵੀ ਰਿਹਾ, ਉਸ ਤੇ ਤਰਸ ਵੀ ਕਰਦਾ ਰਿਹਾ ਅਤੇ ਆਪਣੇ ਪ੍ਰਚਾਰ ਸਿਸਟਮ ਬਾਰੇ ਸ਼ਰਮਸਾਰ ਵੀ ਹੁੰਦਾ ਰਿਹਾ। ਉਨ੍ਹਾਂ ਕੋਲ ਕੋਈ ਠੋਸ ਸਿਧਾਂਤ ਜਾਂ ਆਧਾਰ ਨਹੀਂ ਹੈ ਪਰ ਫਿਰ ਵੀ ਉਨ੍ਹਾਂ ਪ੍ਰਚਾਰ ਦੇ ਸਹਾਰੇ ਅੱਧੇ ਸੰਸਾਰ ਨੂੰ ਇਸਾਈ ਬਣਾ ਲਿਆ ਹੈ ਅਤੇ ਸਾਡੇ ਕੋਲ ਇੰਨੇ ਸੁਨਿਹਰੇ ਸਿਧਾਂਤ ਤੇ ਸੁਨੇਹੇ ਹਨ ਪਰ ਪ੍ਰਚਾਰ ਦੀ ਘਾਟ ਕਰਕੇ ਅਸੀਂ ਲੋਕਾਂ ਨੇ ਦੂਜਿਆਂ ਨੂੰ ਤਾਂ ਕੀ ਦੱਸਣਾ ਸੀ, ਆਪਣੇ ਸਿੱਖਾਂ ਨੂੰ ਹੀ ਸਿੱਖੀ ਬਾਰੇ ਨਹੀਂ ਦੱਸ ਸਕੇ।

ਸਾਡੇ ਵਿਚੋਂ ਹਰ ਇੱਕ ਨੂੰ ਅੱਜ ਉਠਣਾ ਹੋਵੇਗਾ ਅਤੇ ਸੰਕਲਪ ਲੈਣਾ ਹੋਵੇਗਾ ਕਿ ਆਪਣੇ ਪਰਿਵਾਰ, ਆਪਣੇ ਦਫਤਰ ਅਤੇ ਆਪਣੇ ਕਾਰ-ਵਿਹਾਰ ਸਭ ਕੁੱਝ ਕਰਦਿਆਂ ਹੀ ਆਪ ਸਿੱਖੀ ਦੀ ਜਾਣਕਾਰੀ ਹਾਸਲ ਕਰਨੀ ਹੈ ਅਤੇ ਹਰ ਇੱਕ ਨੂੰ ਇਸ ਤਰ੍ਹਾਂ ਹੀ ਸੁਨੇਹਾ ਦੇਣਾ ਹੈ। ਅਸੀਂ ਆਪਣਾ ਦਸਵੰਧ ਹੁਣ ਇਮਾਰਤਾਂ, ਸੰਗਮਰਮਰ ਅਤੇ ਸੋਨੇ ਤੇ ਲਾਉਣ ਦੀ ਬਜਾਏ ਗੁਰਮਤਿ ਦੇ ਪ੍ਰਚਾਰ ਵੱਲ ਲਗਾਵਾਂਗੇ।

ਉਠੋ-ਉਠੋ, ਜਾਗੋ-ਜਾਗੋ:

ਪਿਆਰੇ ਗੁਰੂ ਪੰਥ ਦੇ ਵਾਰਸੋ!

ਆਪਣੇ ਮਿਸ਼ਨ ਨੂੰ ਸੰਭਾਲੀਏ ਅਤੇ ਸਾਰੇ ਸੰਸਾਰ ਵਿੱਚ ਸਿੱਖੀ ਦਾ ਸੁਨੇਹਾ ਪਹੁੰਚਾਈਏ।



1985-86 ਦੀ ਗੱਲ ਹੈ ਮੈਂ ਆਪਣੀ ਲੜਕੀ ਦੇ ਘਰ ਆਇਆ ਤੇ ਉਸ ਵੇਲੇ ਹੀ ਮੇਰੇ ਆਉਣ ਤੋਂ ਥੋੜੇ ਚਿਰ ਬਾਅਦ ਹੀ ਇਕ ਕਾਰ ਸਾਡੇ ਘਰ ਨੂੰ ਆ ਰਹੀ ਸੀ ਤੇ ਮੇਰੀ ਲੜਕੀ ਕਾਰ ਦੇਖ ਕੇ ਘਾਬਰ ਗਈ ਤੇ ਐਨ ਮੂੰਹ ਚੋਂ ਉਚਾਰਦਿਆਂ ਕਿਹਾ, ' ਹਾਏ ਤੂੰ ਫਿਰ ਆ ਗਈ। ਮੈਂ ਆਖਿਆ ਕਿ ਕੀ ਗੱਲ ਹੋਈ ਹੈ ? ਉਸਨੇ ਕਿਹਾ ਕਿ ਇਹ ਇਸਾਈ ਮੇਰਾ ਖੈੜਾ ਨਹੀਂ ਛੱਡਦੇ, ਮੈਂ ਬੜੀ ਵਾਰੀ ਉਹਨਾਂ ਨੂੰ ਆਖਿਆ ਪਰ ਉਹ ਘਰ ਆ ਕੇ ਮੈਨੂੰ ਬੜਾ ਤੰਗ ਕਰਦੇ ਨੇ । ਮੈਂ ਆਪਣੀ ਲੜਕੀ ਨੂੰ ਆਖਿਆ ਕਿ ਉਹਨਾਂ ਦੇ ਭਾਗ ਚੰਗੇ ਹਨ ਤੇ ਉਹ ਆਪਣੇ ਸਾਰੇ ਹਨੇਰੇ ਅੱਜ ਦੂਰ ਕਰਕੇ ਜਾਣਗੇ। ਇੰਨੇ ਨੂੰ ਕਾਰ ਸਾਡੇ ਘਰ ਵੱਲ ਆ ਕੇ ਖੜ ਗਈ। ਮੈਂ ਬੂਹਾ ਖੋਲਿਆ ਤੇ ਉਹਨਾਂ ਆਉਂਦਿਆਂ ਨੂੰ 'ਜੀ ਆਇਆ' ਆਖਿਆ ।

ਉਹ ਉਸ ਸਟੇਟ ਦਾ ਚੀਫ ਸੀ ਉਸਦੇ ਨਾਲ ਉਸਦਾ ਬੇਟਾ ਤੇ ਉਸਦੀ ਪਤਨੀ ਸੀ। ਤਿੰਨਾਂ ਨੂੰ ਮੈਂ ਜੀ ਆਇਆ ਕਹਿ ਕੇ ਅੰਦਰ ਬਿਠਾਇਆ ਤੇ ਬੜਾ ਸਤਿਕਾਰ ਦਿੱਤਾ। ਉਹ ਖੁਸ਼ ਹੋ ਗਏ। ਮੈਂ ਉਹਨਾਂ ਨੂੰ ਕਿਹਾ ਕਿ ਮੇਰੀ ਲੜਕੀ ਨੇ ਦੱਸਿਆ ਸੀ ਕਿ ਤੁਸੀਂ ਘਰ ਆਉਂਦੇ ਹੋ ਤੇ ਮੈਂ ਤੁਹਾਡੇ ਨਾਲ ਗੱਲ ਕਰਕੇ ਬਹੁਤ ਖੁਸ਼ ਹੋਵਾਂਗਾ। ਉਹਨਾਂ ਨੂੰ ਬਿਠਾਇਆ ਤੇ ਬੈਠਦੇ ਸਾਰ ਹੀ ਉਹਨਾਂ ਨੇ ਬਾਈਬਲ ਪੜ੍ਹਨੀ ਸ਼ੁਰੂ ਕਰ ਦਿੱਤੀ। ਮੈਂ ਇੰਨੇ ਚਿਵ ਆਪਣਾ ਜਲ ਬਾਣ ਦਾ ਢੰਗ ਸੋਚ ਲਿਆ। ਜਦੋਂ ਉਸਨੇ ਬਾਈਬਲ ਪੜਿਆ ਤਾਂ ਮੈਂ ਉਸਨੂੰ ਇਹ ਸ਼ਬਦ ਆਖੇ :

Sir I am very proud of you. You can read this Bible.

ਮੇਰਾ ਭਾਵ ਸੀ ਤੁਸੀਂ ਬਾਈਬਲ ਪੜਨੀ ਜਾਣਦੇ ਹੋ ਇਹ ਤਾਂ ਬੜੀ ਚੰਗੀ ਗੱਲ ਹੈ, ਬੜੀ ਖੁਸ਼ੀ ਦੀ ਗੱਲ ਹੈ, ਉਹ ਹੈਰਾਨ ਹੋ ਗਿਆ। ਉਹ ਮੈਨੂੰ ਕਹਿਣ ਲੱਗੇ, “ ਤੁਸੀਂ ਬਾਈਬਲ ਪੜ੍ਹੀ ਹੈ ?” ਮੈਂ ਕਿਹਾ, “ ਮੈਂ ਇੰਨੀ ਕੁ ਪੜੀ ਹੈ ਕਿ ਤੇਰੇ ਨਾਲੋ ਜਿਆਦਾ ਪੜ੍ਹੀ ਹੈ”। ਉਹ ਹੋਰ ਵੀ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਜੇ ਤੁਸੀਂ ਬਾਈਬਲ ਪੜ੍ਹੀ ਹੈ ਤਾਂ ਤੁਸੀਂ ਫਿਰ ਇਸਾਈ ਬਣ ਗਏ। ਮੈਂ ਕਿਹਾ ਬਾਈਬਲ ਪੜ੍ਹਨ ਤੋਂ ਬਾਅਦ ਤੇਰਾ ਮੁੰਡਾ ਇਸਾਈ ਨਹੀਂ ਬਣਿਆ, ਮੈਂ ਬਾਈਬਲ ਪੜ੍ਹ ਕੇ ਇਸਾਈ ਕਿਵੇਂ ਬਣ ਸਕਦਾ ਹਾਂ ? ਉਸਨੇ ਕਿਹਾ ਨਹੀਂ ਮੇਰਾ ਮੁੰਡਾ ਇਸਾਈ ਹੈ।

ਮੈਂ ਉਸ ਮੁੰਡੇ ਨੂੰ ਫਿਰ ਸੁਆਲ ਪਾਇਆ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਕਿ ਸੂਰਜ ਧਰਤੀ ਦੁਆਲੇ। ਉਸਨੇ ਉੱਤਰ ਨਹੀਂ ਦਿੱਤਾ। ਦੂਜੀ ਵਾਰੀ ਫਿਰ ਆਖਿਆ, ਮੁੰਡਾ ਚੁੱਪ ਸੀ। ਫਿਰ ਮੈਂ ਆਪਣੇ ਵੱਲੋਂ ਇਹ ਆਖਿਆ (ਅੰਗਰੇਜ਼ੀ ਵਿਚ) ਕਿ ਤੇਰੇ ਨਾਲੋਂ ਤੇਰਾ ਮੁੰਡਾ ਵਧੇਰੇ ਸਿਆਣਾ ਹੈ, ਮੈਂ ਤੈਨੂੰ ਵਧਾਈ ਦਿੰਦਾ ਹਾਂ। ਮੁੰਡਾ ਦੱਸ ਨਹੀਂ ਸੀ ਰਿਹਾ। ਕਿਉਂਕਿ ਜੇ ਉਹ ਸੱਚ ਬੋਲਦਾ ਤਾਂ ਬਾਈਬਲ ਝੂਠੀ ਹੁੰਦੀ ਹੈ ਤੇ ਜੇ ਉਹ ਬਾਈਬਲ ਦੀ ਕਰਦਾ ਤਾਂ ਉਹ ਝੂਠ ਬੋਲਦਾ ਸੀ ਤੇ ਮੈਂ ਉਸਨੂੰ ਫੜ੍ਹ ਲੈਣਾ ਸੀ।ਉਹ ਇੰਨਾ ਸਿਆਣਾ ਸੀ ਕਿ ਕੋਈ ਗੱਲ ਦੱਸ ਨਹੀਂ ਸੀ ਰਿਹਾ। ਉਹ ਚੁੱਪ ਸੀ ਕਿ ਮੈਂ ਕੀ ਗੱਲ ਕਰਾਂ। ਝੂਠ ਤਾਂ ਬੋਲਣਾ ਪਊ ਜਾਂ ਕਹਿਣਾ ਪਊ ਕਿ ਬਾਈਬਲ ਝੂਠ ਬੋਲਦੀ ਹੈ। ਕਿਉਂਕਿ ਬਾਈਬਲ ਜਿਹੜੀ ਗੱਲ ਲਿਖਦੀ ਹੈ, ਉਹ ਨਹੀਂ ਕਹਿੰਦੇ। ਮੈਂ ਉਹਨਾਂ ਨੂੰ ਕਿਹਾ, ਉਹ ਕਹਿੰਦੇ ਨਹੀਂ-ਨਹੀਂ।

ਮੈਂ ਕਿਹਾ ਜੀ ਤੁਸੀਂ ਜੋ ਮਰਜ਼ੀ ਕਹਿ ਦਿਉ ਇਹ ਇਤਿਹਾਸ ਹੈ ਇਸ ਨਾ ਤੁਸੀਂ ਦੇਖ ਸਕਦੇ ਹੋ ਨਾ ਮੈਂ ਦੇਖ ਸਕਦਾ ਹਾਂ। ਹੁਣ ਤੇ ਚਰਚ ਦੇ ਪੋਪ ਨੇ ਵੀ ਇਹ ਮੰਨ ਲਿਆ ਹੈ ਕਿ ਗੈਲੀਲੀਓ ਠੀਕ ਸੀ ਤੇ ਗੈਲੀਲੀਓ ਨੂੰ ਸਜਾ ਦੇਣ ਵਾਲਾ ਪੋਪ ਗਲਤ ਸੀ।



ਮੈਂ ਮਾਫੀ ਮੰਗਦਾ ਹਾਂ। ਫਿਰ ਉਸਨੇ ਮੈਨੂੰ ਪੁੱਛਿਆ ਕਿ ਤੇਰਾ ਕੀ ਧਰਮ ਹੈ ? ਮੈਂ ਕਿਹਾ ਕਿ ਮੇਰਾ ਇਹ ਧਰਮ ਹੈ ਕਿ ਤੁਸੀਂ ਮੇਰੇ ਭਾਈ ਹੋ। ਇਸ ਵਾਸਤੇ ਮੈਂ ਤੁਹਾਨੂੰ ਜਾਣ ਨਹੀਂ ਦੇਣਾ ਜਦੋਂ ਤੱਕ ਤੁਸੀਂ ਮੇਰੇ ਘਰੋਂ ਕੁਝ ਖਾਂਦੇ ਪੀਂਦੇ ਨਹੀਂ ਅਤੇ ਇਹੀ ਸਾਡੀ ਸੱਭਿਅਤਾ ਹੈ ਤੇ ਮੈਂ ਤੁਹਾਨੂੰ ਜਾਣ ਨਹੀਂ ਦੇਣਾ।ਹੁਣ ਤੁਸੀਂ ਦੱਸੋ ਕਿ ਕੀ ਖਾਣਾ-ਪੀਣਾ ਹੈ ? ਉਹ ਕਹਿਣ ਲੱਗੇ ਹੀ ਸੀ ਕਿ ਮੈਂ ਕਿਹਾ ਕਿ ਸਾਡੇ ਕੋਲ ਤਾਂ ਦੋ ਚੀਜ਼ਾਂ ਨੇ ਚਾਹ ਜਾਂ ਕਾਫੀ । ਸਾਡੇ ਕੋਲ ਕਾਫੀ ਦਾ ਪ੍ਰਬੰਧ ਨਹੀਂ ਹੈ ਜੂਸ ਦੇ ਦਿੰਦੇ ਹਾਂ।ਉਹਨਾਂ ਨੇ ਜੂਸ ਮੰਗਿਆ ਮੈਂ ਉਹਨਾਂ ਨੂੰ ਦੋ-ਦੋ ਘੁੱਟ ਜੂਸ ਪਾਇਆ ਅਤੇ ਉਹਨਾਂ ਨੇ ਘੁੱਟ-ਘੁੱਟ ਹੀ ਭਰਿਆ ਤੇ ਉਹ ਅਗੇ ਪੀ ਨਾ ਸਕੇ। ਅੰਦਰ ਕਿਵੇਂ ਜਾਵੇ ਉਹ ਤਾਂ ਬੜੇ ਘਾਬਰੇ ਬੈਠੇ ਸਨ। ਉਹ ਕੁਰਸੀ ਤੋਂ ਖੜੇ ਹੋ ਗਏ, ਮੈਂ ਕਿਹਾ ਵੀਰ ਮੇਰੀ ਗੱਲ ਸੁਣੋ, ਮੇਰੇ ਧਰਮ ਦੀ ਵੀ ਸੁਣ ਜਾਉ।

ਜਿਸ ਵੇਲੇ ਤੁਸੀਂ ਮੇਰੇ ਘਰ ਆ ਰਹੇ ਸੀ ਜਿਸ ਪਰਮਾਤਮਾ ਨੇ ਤੁਹਾਨੂੰ ਮੇਰੀ ਲੜਕੀ ਘਰ ਭੇਜਿਆ। ਉਸੇ ਪਰਮਾਤਮਾ ਨੇ ਮੈਨੂੰ ਕਹਿ ਦਿਤਾ ਕਿ ਉਹ ਪਰਿਸਟ ਆ ਰਿਹਾ ਹੈ ਲੋਕਾਂ ਨੂੰ ਬੁੱਧੂ ਬਣਾ ਰਿਹਾ ਹੈ ਉਹ ਅਗਿਆਨਤਾ ਦਾ ਪ੍ਰਚਾਰ ਕਰਦਾ ਹੈ ਉਸ ਆਉਂਦੇ ਨੂੰ ਸੱਚ ਦੱਸ ਦੇ ਤਾਂ ਕਿ ਉਹ ਅਗਿਆਨਤਾ ਤੋਂ ਨਿਕਲ ਕੇ ਝੂਠ ਦਾ ਪ੍ਰਚਾਰ ਕਰਨਾ ਬੰਦ ਕਰ ਦੇਵੇ। ਹੁਣ ਜੇ ਤੂੰ ਝੂਠ ਦਾ ਪ੍ਰਚਾਰ ਬਾਈਬਲ ਨੂੰ ਚੁੱਕੀ ਫਿਰਦਾ ਰਿਹਾ ਤਾਂ ਮੈਂ ਤੈਨੂੰ ਯਕੀਨ ਦਿਵਾਉਂਦਾ ਹਾਂ____ ਹੁਣ ਨਾ ਜਾਈ ਕਿਸੇ ਦੇ ਘਰ ਐਵੇਂ ਲੈ ਕੇ। ਤੇਰੇ ਭਾਗ ਚੰਗੇ ਹਨ ਕਿ ਤੂੰ ਮੇਰੇ ਕੋਲ ਆ ਗਿਆ ਤੇ ਹੁਣ ਮੈਂ ਤੈਨੂੰ ਇਹ ਗਿਆਨ ਦੇ ਦਿਤਾ ਹੈ, ਕਿ ਬਾਈਬਲ ਸੱਚ ਨਹੀਂ ਬੋਲਦੀ।

ਤੁਸੀਂ ਕਹਿੰਦੇ ਹੋ ਕਿ ਬਾਈਬਲ ਦਾ ਕਹਿਣਾ ਰੱਬ ਦਾ ਕਹਿਣਾ ਹੈ। ਇਹ ਰੱਬ ਦਾ ਕਹਿਣਾ ਨਹੀਂ ਹੈ ਇਹ ਤਾਂ ਉਹਨਾਂ ਚਾਰ ਪੰਜ ਲੋਕਾਂ ਦੀ ਕਥਾ ਕੀਤੀ ਹੈ ਜਿਹੜੇ ਦਾਅਵਾ ਕਰਦੇ ਨੇ ਅਸੀਂ ਕ੍ਰਿਸ਼ਚਨ ਦੀ ਕ੍ਰਿਸ਼ਚਨ ਨੇ ਆਪ

ਕੋਈ ਚੀਜ਼ ਲਿਖ ਕੇ ਨਹੀਂ ਦਿਤੀ। ਇਹਨਾਂ ਲੋਕਾਂ ਨੇ ਤਾਂ ਕ੍ਰਿਸ਼ਚਨ ਦੇ ਸ਼ਬਦਾਂ ਨੂੰ ਤਾਂ ਆਪ ਤਰਾਸ਼ ਕੇ ਪੇਸ਼ ਕੀਤਾ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ......ਵਿਚ ਤਾਂ ਬਾਈਬਲ ਲਿਖੀ ਹੀ ਨਹੀਂ ਗਈ । ਲੋਕਾਂ ਨੇ ਤਾਂ ਕ੍ਰਿਸ਼ਚਨ ਸੱਚ ਮੰਨਿਆ ਹੀ ਨਹੀਂ। ਇਹ ਤਾਂ ਬੜੇ ਸਾਲਾਂ ਬਾਅਦ ਇਹਨਾਂ ਲੋਕਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਇਸਨੂੰ ਹੌਲੀ-ਹੌਲੀ ਲੋਕਾਂ ਨੇ ਧਰਮ ਬਣਾ ਕੇ ਇਸਨੂੰ ਪ੍ਰਚਾਰ ਲਿਆ ਕਿ ਕ੍ਰਿਸ਼ਚਨ ਦਾ ਧਰਮ ਨਹੀਂ ਹਲੇ ਕਿਸੇ ਨੂੰ ਪਤਾ ਨਹੀਂ। ਤੇ ਤੁਸੀਂ ਇਸਦਾ ਪ੍ਰਚਾਰ ਬਣਾ ਕੇ ਪ੍ਰਚਾਰ ਨਾ ਪ੍ਰਚਾਰੋ। ਨਰਕਾਂ ਨੂੰ ਜਾਏਂਗਾ ਜੇ ਤੂੰ ਝੂਠ ਦਾ ਪ੍ਰਚਾਰ ਕੀਤਾ। ਬਾਈਬਲ ਜਿਹੜੀ ਰੱਬ ਦੇ ਸ਼ਬਦ ਨੇ।

ਮੇਰੀ ਗੱਲ ਸੁਣਦੇ ਸੁਣਦੇ ਉਹ ਬਾਹਰ ਕਾਰ ਵਿਚ ਬੈਠੇ ਚਲੇ ਗਏ ਤੇ ਮੁੜ ਕੇ ਕਦੇ ਨਹੀਂ ਆਏ। ਮੇਰੀ ਲੜਕੀ ਨੂੰ ਕਿਤੇ ਜੁਰਅਤ ਨਹੀਂ ਪਈ। ਜਦੋਂ ਉਹ ਹਸਪਤਾਲ ਗਈ ਤਾਂ ਉਸਨੇ ਉਹਨਾਂ ਜਵਾਬ ਦੇ ਦਿਤਾ ਤੇ ਕੋਈ ਉਸਨੂੰ ਇਹ ਨਹੀਂ ਕਹਿੰਦਾ ਸੀ ਕਿ ਤੂੰ ਕ੍ਰਿਸ਼ਚਨ ਬਣ ਜਾ। ਹੁਣ ਇਹ ਮੇਰੀ ਲੜਕੀ ਦੀ ਇਹ ਗੱਲ ਮੰਨਦੇ ਹਨ ਕਿ ਧਰਮ ਆਪੋ ਆਪਣਾ ਹੈ। ਕਿਸੇ ਨੂੰ ਕੁਝ ਚੰਗਾ ਲੱਗਦਾ ਹੈ, ਕਿਸੇ ਨੂੰ ਕੁਝ, ਤੁਸੀਂ ਬਦਲ ਨਹੀਂ ਸਕਦੇ। ਜਿਹੜਾ ਵੀ ਧਰਮ ਪਿਆਰਾ ਲੱਗਦਾ ਹੈ ਉਸੇ ਵਿਚ ਹੀ ਪ੍ਰਭੂ ਨਾਲ ਪਿਆਰ ਕਰਦੇ ਰਹੇ। ਇਨਸਾਨ ਹੋ ਇਨਸਾਨ ਬਣ ਕੇ ਜੀਉ। ਜੇ ਇਨਸਾਨ ਨਹੀਂ ਤਾਂ ਕੋਈ ਧਰਮ ਨਹੀਂ। ਇਸ ਤਰ੍ਹਾਂ ਮੇਰੀ ਗੱਲ ਇਸਾਈਆਂ ਨਾਲ ਹੋਈ।

ਇਹ ਇਸਾਈ ਇਕ ਨਹੀਂ। ਮੇਰੇ ਨਾਲ ਬੜੀਆਂ ਘਟਨਾਵਾਂ ਹੁੰਦੀਆਂ ਰਹੀਆਂ। ਫਿਰ ਮੇਰੇ ਕੋਲ ਦੂਜੀ ਘਟਨਾ ਹੋਈ ਸੀ । ਮੈਂ ਨਿਊਯਾਰਕ ਏਅਰਪੋਰਟ ਤੇ ਬੈਠਾ ਸੀ ।ਉਥੇ ਮੇਰੇ ਕੋਲ ਮੋਰਮਲ ਇਸਾਈ ਪ੍ਰਚਾਰਕ ਆ ਗਿਆ। ਉਹ ਥੋੜਾ ਜਿਹਾ ਮੇਰੇ ਕੋਲੋਂ ਦੂਰ ਖੜਾ ਦੇਖਦਾ ਰਿਹਾ। ਮੈਂ ਕਿਹਾ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੋਵੇਗਾ। ਮੈਂ ਉਸਨੂੰ ਅੰਗਰੇਜ਼ੀ ਵਿਚ ਪੁਛਿਆ ਕਿ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ? ਉਹ ਕਹਿੰਦਾ ਮੈਂ ਤੁਹਾਡੇ ਨਾਲ ਗੱਲ



ਕਰਨੀ ਹੈ, ਮੈਂ ਕਿਹਾ ਬੈਠ ਜਾ ਦੱਸ। ਉਹ ਆਪਣੀ ਗੱਲ ਦੱਸਣ ਦੀ ਬਜਾਏ ਮੈਨੂੰ ਗੱਲ ਪੁੱਛਦਾ ਹੈ ਕਿ ਤੁਹਾਡਾ ਧਰਮ ਕੀ ਹੈ ? ਮੈਂ ਕਿਹਾ ਕਿ ਮੇਰਾ ਧਰਮ ਇਹ ਹੈ ਕਿ ਪਰਮਾਤਮਾ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਹੈ । ਅਸੀਂ ਸਾਰੇ ਭੈਣ ਭਾਈ ਹਾਂ। ਇਹ ਮੰਨ ਕੇ ਜੀਵਨ ਦਾ ਜੀਊਣਾ ਤੇ ਆਪਣੇ ਜੀਵਨ ਦਾ ਉਠਣਾ , ਬੈਠਣਾ, ਖਾਣਾ, ਪੀਣਾ ਲੋਕਾਂ ਨਾਲ ਇਸ ਆਧਾਰ ਤੇ ਚਾਹੀਦਾ ਹੈ ਕਿ ਦੁਨੀਆ ਮੇਰੀ ਭੈਣ ਭਰਾ ਹੈ।ਹਿੰਦੂ ਮੁਸਲਮਾਨ ਸਾਰੇ ਨਾਂ ਰੱਖੇ ਹਨ , ਪਰ ਧਰਮ ਇਕ ਹੀ ਹੈ।

ਉਹ ਮੇਰੇ ਕੋਲੋਂ ਹੋਰ ਸਵਾਲ ਪੁੱਛਦਾ ਗਿਆ। ਉਹ ਫਿਰ ਇੰਨੀ ਗੱਲ ਸੁਣ ਕੇ ਕਹਿਣ ਲੱਗਿਆ ਅਸੀਂ ਵੀ ਇਹੀ ਮੰਨਦੇ ਹਾਂ। ਮੈਂ ਕਿਹਾ ਮੈਨੂੰ ਬੜੀ ਖੁਸ਼ੀ ਹੈ। ਅਸੀਂ ਵੀ ਖਾਣ ਪੀਣ ਦੀ ਗੱਲ ਕੀਤੀ ਹੈ ਤੇ ਅਸੀਂ ਇਹੀ ਗੱਲ ਮੰਨਦੇ ਹਾਂ। ਅਖੀਰ ਤੇ ਮੈਂ ਕਿਹਾ ਕਿ ਤੁਸੀਂ ਕਹੀ ਤੇ ਜਾਂਦੇ ਹੋ ਕਿ ਅਸੀਂ ਮੰਨਦੇ ਹਾਂ ਪਰ ਇਹ ਕੀ ਹੈ ਜਿਸਦਾ ਤੁਸੀਂ ਪ੍ਰਚਾਰ ਕਰਦੇ ਫਿਰਦੇ ਹੋ। ਮੈਂ ਕਿਹਾ ਇਹ ਜਿਹੜਾ ਸੱਚ ਹੈ ਕਹਿਣਾ ਬੜਾ ਔਖਾ ਹੈ, ਇਹ ਵੀ ਸੱਚ ਜੋ ਮੈਂ ਤੈਨੂੰ ਕਹਿ ਰਿਹਾ ਹਾਂ ਸੱਚ ਤੱਕ ਕਦੇ ਮੈਂ ਵੀ ਨਹੀਂ ਪਹੁੰਚਿਆ। ਮੇਰਾ ਧਰਮ ਤਾਂ ਇਹ ਹੈ ਪਰ ਸੱਚ ਤੇ ਪਹੁੰਚਣਾ ਬੜਾ ਔਖਾ ਹੈ ਕਿ ਸਾਰੀ ਦੁਨੀਆ ਮੇਰੀ ਭੈਣ ਭਾਈ ਹੈ। ਤੁਸੀਂ ਵੀ ਇਹੀ ਪ੍ਰਚਾਰ ਕਰੋ।

ਜੇਕਰ ਕੋਈ ਵੀ ਸਿੱਖ ਧਰਮ ਦੀ ਗੱਲ ਸ਼ੁਰੂ ਕਰ ਲਉ, ਕਿਉਂਕਿ ਲੋਕ ਹਟਦੇ ਨਹੀਂ ਅੱਗੇ ਅੱਗੇ ਹੋਰ ਲੋਕ ਆਉਂਦੇ ਨੇ। ਮੇਰੇ ਨਾਲ ਇਹੋ ਜਿਹੀਆਂ ਬਹੁਤ ਘਟਨਾਵਾਂ ਹੋਈਆਂ ਹਨ । ਇਕ ਘਟਨਾ ਮੈਂ ਆਪਣੀ ਪਿਛਲੀ ਕਿਤਾਬ ਵਿਚ ਲਿਖ ਵੀ ਦਿਤੀ ਹੈ ਕਿ 'ਧੰਨ ਨਾਨਕ ਤੇਰੀ ਵੱਡੀ ਕਮਾਈ' । ਇਹ ਲੇਖ ਗੁਰਮਤਿ ਪ੍ਰਕਾਸ਼ ਵਿਚ ਛਪਿਆ ਹੋਇਆ ਹੈ। ਜਿਸ ਵਿਚ ਇਕ ਮੁੰਡਾ ਗੁਰੂ ਨਾਨਕ ਦੀ ਗੱਲ ਸੁਣ ਕੇ ਕਲਾਸ ਵਿਚ ਬੈਂਚ ਤੇ ਖੜਾ ਹੋ ਕੇ ਬਾਹਾਂ ਉੱਚੀਆਂ ਕਰਕੇ ਕਹਿੰਦਾ ਹੈ I Buy Nank ।

ਉਹਦੇ ਨਾਲ ਸਾਰੇ ਮੁੰਡੇ ਖੜੇ ਹੋ ਗਏ ਤੇ ਜਦੋਂ ਸਾਰਾ ਹਾਲ ਖੜਾ ਹੋ ਗਿਆ ਤੇ ਸਟੇਜ ਤੇ ਬੈਠੇ ਹਿੰਦੂ ਮੁਸਲਮਾਨ ਵੀ ਖੜੇ ਹੋ ਗਏ। ਸਾਰਿਆਂ ਨੇ ਤਾੜੀਆਂ ਮਾਰ ਕੇ ਇਹ ਗੱਲ ਕਹੀ ਤੇ ਮੇਰੇ ਸਾਹਮਣੇ ਜਦੋਂ ਇਹ ਸ਼ਬਦ ਆਏ ਮੈਂ ਕਹਿੰਦਾ ਹਾਂ ਕਿ 'ਧੰਨ ਨਾਨਕ ਤੇਰੀ ਵੱਡੀ ਕਮਾਈ'ਕਿਉਂਕਿ ਤੂੰ ਦੁਨੀਆ ਨੂੰ ਸੱਚ ਦਸ ਦਿਤਾ ਹੈ। ਅੱਜ ਸਾਇੰਸ, ਦੁਨੀਆ ਨੂੰ ਜੋ ਸੱਚ ਦੱਸ ਰਹੀ ਹੈ ਅਤੇ ਇਹ ਦੁਨੀਆ ਮੰਨਦੀ ਹੈ। ਧਰਮਾਂ ਨੇ ਸਾਇੰਸ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਨੇ। ਇਸ ਕਰਕੇ ਦੁਨੀਆ ਸਾਇੰਸ ਨਾਲ ਜੁੜਦੀ ਹੈ। ਅੱਜ ਸਾਇੰਸ ਹੀ ਪੜ੍ਹਾਈ ਜਾ ਰਹੀ ਹੈ। ਬਾਈਬਲ ਵਾਲੇ ਜੋਰ ਲਾ ਹਟੇ ਨੇ ਕਿ ਤੁਸੀਂ ਕ੍ਰਿਸ਼ਚਨ ਪੜਾਉ ਤੇ ਸਾਇੰਸ ਕਹਿੰਦੀ ਹੈ ਕਿ ਬੰਦਾ ਜੁੜਿਆ ਹੋਇਆ ਹੈ ਓਹ ਚਾਰ ਬੰਦਿਆਂ ਨੇ ਜੋ ਸਾਬਿਤ ਕਰ ਦਿਤਾ ਹੈ ਜਿੰਨਾ ਦੇ ਪ੍ਰਤੀ ਲੋਕ ਵਿਰੋਧੀ ਸਨ , ਅੱਜ ਉਹਨਾਂ ਦੀ ਗੱਲ ਸਾਰੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾਂਦੀ ਹੈ।

ਇਸ ਲਈ ਸਾਨੂੰ ਆਪਣੇ ਧਰਮ ਤੇ ਗਰਵ ਹੋਣਾ ਚਾਹੀਦਾ ਹੈ ਤੇ ਆਪਣੀ ਗੱਲ ਹਰ ਜਗ੍ਹਾ ਤੇ ਕਰੋ ਤੇ ਸਿੱਖ ਸਿਧਾਂਤ ਦੀ ਗੱਲ ਅੱਜ ਦੁਨੀਆ ਮੰਨਦੀ ਹੈ। ਮੈਂ ਉਸ ਸਿਧਾਂਤ ਵਿਚੋਂ ਅੰਗਰੇਜ਼ੀ ਵਿਚ ਥੱਲੇ ਪੁੱਟ ਕਰ ਰਿਹਾ ਹਾਂ ਜਿਹੜੇ ਕਿ ਦਸਦੇ ਹਨ ਕਿ ਸ਼ਕਿਹਸਿਮ ਸਿ ਡਓਟਿਹ ਡੋਰ ਟਹਰਿਦ ਮਲਿ-ਲਣਨਮਿ । ਇਹ ਸਿੱਖ ਧਰਮ ਹੀ ਹੈ ਤੇ ਮੈਂ ਇਸਦਾ ਤੱਤ ਕੱਢ ਕੇ ਥੱਲੇ ਲਿਖ ਰਿਹਾ ਹਾਂ ਜਿਸਨੂੰ ਤੁਸੀਂ ਸਾਰੇ ਸਿਆਣੇ ਆਪ ਹੀ ਸਮਝ ਲਵੋਗੇ ਕਿ ਅਸੀਂ ਆਪਣੇ ਵੱਲੋਂ ਢਿੱਲੇ ਹਾਂ । ਲੋਕੀ ਸੱਚ ਲੱਭਦੇ-ਲੱਭਦੇ ਉਹਨਾਂ ਨੇ ਸੱਚ ਸਿਖ ਧਰਮ ਵਿਚੋਂ ਸੱਚ ਲੱਭ ਲਿਆ ਹੈ। ਉਹ ਆਪ ਪ੍ਰਚਾਰ ਕਰਨ ਲੱਗ ਪਏ ਹਨ। ਮੈਂ ਫਿਰ ਤੁਹਾਡੇ ਨਾਲ ਵਿਚਾਰ ਸਾਂਝਾ ਕਰਾਂਗਾ ਆਉ ਫਤਹਿ ਬੁਲਾਈਏ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ !